
# ਆਪੇ–ਬੋਲ–ਸੌਤ



ਚਰਨ ਸਿੰਘ

# ਆਪੇ ਬੋਲ-ਸ੍ਰੋਤ

(ਲੰਬੀ ਕਵਿਤਾ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# Aape Bole–Sarot

( A Long Poem )

By : CHARAN SINGH
8771-143 STREET
SURREY B.C. V3W4G4
CANADA
Ph. : 778-564-0331
Email : virdycharan@gmail.com

©

Edition : 2016

Price : Rs. 250/-

Title Designed by :
Gurvinder Singh

**Published by :**
Punjab Book Centre
Sector 22, Chandigarh
Tel. : 0172-2701952, 27855056

---

**ਆਪੇ ਬੋਲ-ਸ੍ਰੋਤ** (ਲੰਬੀ ਕਵਿਤਾ), ਸ਼ਾਇਰ : **ਚਰਨ ਸਿੰਘ**
**ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ**
**ਛਾਪਕ** : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ

# ਚਰਨ ਸਿੰਘ ਦਾ ਜੀਵਨ–ਬਿਓਰਾ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ
ਪਤਨੀ : ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ
ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ
ਐਮ.ਏ. ਪੰਜਾਬੀ
ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

## ਛਪਾਈ ਅਧੀਨ ਪੁਸਤਕਾਂ

(1) ਮਹਿਮਾ (ਕਾਵਿ–ਸੰਗ੍ਰਹਿ)
(2) ਸਾਏ ਦਾ ਸਫ਼ਰ (ਕਾਵਿ ਸੰਗ੍ਰਹਿ)
(3) ਮੌਲੀ ਧਰਤੀ (ਲੋਕ ਟੱਪੇ)
(4) ਹੰਝੂਆਂ ਦੇ ਦਰਿਆ (ਪ੍ਰਗੀਤਕ–ਕਾਵਿ)
(5) ਛੁੱਪ ਗਏ ਤਾਰੇ (ਪ੍ਰਗੀਤਕ–ਕਾਵਿ)
(6) ਅਰਥ (ਛੋਟੀਆਂ ਲੰਬੀਆਂ ਕਵਿਤਾਵਾਂ)
(7) ਜਗਿਆਸਾ (ਛੋਟੀਆਂ ਲੰਬੀਆਂ ਕਵਿਤਾਵਾਂ)
(8) ਬਸਤੀ ਤੇ ਸ਼ਹਿਰ (ਛੋਟੀਆਂ ਲੰਬੀਆਂ ਕਵਿਤਾਵਾਂ)
(9) ਕ੍ਰਾਂਤੀ (ਛੋਟੀਆਂ ਲੰਬੀਆਂ ਕਵਿਤਾਵਾਂ)
(10) ਪ੍ਰਦੂਸ਼ਣ (ਛੋਟੀਆਂ ਲੰਬੀਆਂ ਕਵਿਤਾਵਾਂ)
(11) ਖ਼ਾਲੀ ਘਰ (ਛੋਟੀਆਂ ਲੰਬੀਆਂ ਕਵਿਤਾਵਾਂ)
(12) ਪ੍ਰਦਰਸ਼ਨੀ (ਛੋਟੀਆਂ ਲੰਬੀਆਂ ਕਵਿਤਾਵਾਂ)
(13) ਕਿਵ ਸੱਚਿਆਰਾ ਹੋਈਐ (ਕਾਵਿ–ਨਾਟਕ)
(14) ਆਧੁਕਿਤਾ ਦਾ ਮੁੱਢ ਤੇ ਵਿਕਾਸ (ਵਾਰਤਕ)

# ਵਿਸ਼ਵ ਸ਼ਾਂਤੀ ਨੂੰ ਸਮਰਪਿਤ

**ਇਸੇ ਕਲਮ ਤੋਂ**

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੁਨਜ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸ੍ਰੋਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜਕੋ ਮੁੜਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗ਼ਜ਼ਲ ਸੰਗ੍ਰਹਿ) 2011
* ਰਿਸ਼ਮਾਂ (ਕਾਵਿ ਸੰਗ੍ਰਹਿ) 2012
* ਦਰਪਣ (ਕਾਵਿ ਸੰਗ੍ਰਹਿ) 2012
* ਅਨੁਭਵ (ਕਾਵਿ ਸੰਗ੍ਰਹਿ) 2012
* ਪ੍ਰਛਾਵੇਂ (ਕਾਵਿ ਸੰਗ੍ਰਹਿ) 2012
* ਤ੍ਰੈਕਾਲ (ਕਾਵਿ ਸੰਗ੍ਰਹਿ) 2012
* ਆਗਮਨ (ਕਾਵਿ ਸੰਗ੍ਰਹਿ) 2012
* ਪ੍ਰਵਾਜ਼ (ਕਾਵਿ ਸੰਗ੍ਰਹਿ) 2012
* ਤ੍ਰਿਵੇਣੀ (ਕਾਵਿ ਸੰਗ੍ਰਹਿ) 2012
* ਕੋਰਾ ਕਾਗ਼ਜ਼ (ਕਾਵਿ ਸੰਗ੍ਰਹਿ) 2012
* ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ) 2012
* ਬੁੱਕਲ (ਕਾਵਿ ਸੰਗ੍ਰਹਿ) 2012
* ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ) 2012
* ਸੁਰੱਖਸ਼ਾ (ਛੋਟੀਆਂ ਲੰਬੀਆਂ ਕਵਿਤਾਵਾਂ)2013
* ਹਸਤਨਾਪੁਰ (ਛੋਟੀਆਂ ਲੰਬੀਆਂ ਕਵਿਤਾਵਾਂ) 2013
* ਸਮਾਧੀ (ਕਾਵਿ ਸੰਗ੍ਰਹਿ) 2013
* ਅੰਕੁਰ (ਲਘੂ ਕਵਿਤਾਵਾਂ) 2013
* ਪੱਥਰ ਦਾ ਸਫ਼ਰ (ਕਾਵਿ ਸੰਗ੍ਰਹਿ) 2013
* ਮੁਕਤੀ (ਲੰਬੀ ਕਵਿਤਾ) 2014
* ਹੋਂਦ ਦੀ ਤਲਾਸ਼ (ਲੰਬੀ ਕਵਿਤਾ) 2014
* ਮੈਂ, ਪਗ-ਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ) 2014
* ਚਰਨ ਸਿੰਘ ਕਾਵਿ ਬਾਰੇ ਆਲੋਚਨਾਤਮਕ ਅਧਿਅਨ 2015
* ਚਰਨ ਸਿੰਘ ਦਾ ਕਾਵਿ ਲੋਕ - ਪ੍ਰੋ. ਬ੍ਰਹਮ ਜਗਦੀਸ਼ ਸਿੰਘ 2015
* ਚਰਨ ਸਿੰਘ ਕਾਵਿ - ਪ੍ਰੋ. ਬ੍ਰਹਮ ਜਗਦੀਸ਼ ਸਿੰਘ 2015
* Beyond the horizon (Poetry in English) 2016 (Tanslator : Krishan Bector)
* ਤਿਕੋਣ (ਕਾਵਿ-ਸੰਗ੍ਰਹਿ) 2016
* ਨੀਲਾ ਆਸਮਾਂ (ਕਾਵਿ-ਸੰਗ੍ਰਹਿ)-2016
* ਕੁਕਨੂਸ਼ (ਕਾਵਿ-ਸੰਗ੍ਰਹਿ)-2016

## ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੁਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ ਪੰਜ ਪਰਵਾਸੀ
ਸਾਹਿਤਕਾਰਾਂ ਤੇ Ph.D. ਕੀਤੀ, ਚਰਨ ਸਿੰਘ ਉਨ੍ਹਾਂ ਵਿਚੋਂ ਇਕ ਹੈ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHORS & ARTISTS I.N.C. FOR 2011

(10) AWARD FOR OUTSTANDING CONTRIBUTION
TOWARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ


ਆਪੇ ਬੋਲ-ਸ੍ਰੋਤ : ਡਾ. ਸ.ਪ. ਸਿੰਘ
ਚਰਨ ਸਿੰਘ ਰਚਿਤ—ਆਪੇ ਬੋਲ-ਸ੍ਰੋਤ : ਡਾ. ਗੁਰੁਮੇਲ ਸਿੱਧੂ
ਆਤਮ-ਬੋਧ ਦਾ ਸਹਿਜ ਪ੍ਰਕਾਸ਼ : ਪ੍ਰੋ. ਬ੍ਰਹਮ ਜਗਦੀਸ਼ ਸਿੰਘ
ਉਤਰ ਆਧੁਨਿਕਤਾ ਦਾ ਸ਼ਾਇਰ, ਚਰਨ ਸਿੰਘ : ਗੁਰਸੁਖਨ

**ਭਾਗ ਪਹਿਲਾ**

ਗਗਨ-ਸਵੇਂਦਾ-ਗਗਨ
ਪੌਣ-ਵਸੇਂਦੀ-ਪੌਣ
ਅੱਗਣ-ਵਸੇਂਦੀ-ਅੱਗਣ
ਜਲ-ਵਸੇਂਦਾ-ਜਲ
ਧਰਤ ਵਸੇਂਦੀ-ਧਰਤ

**ਭਾਗ ਦੂਜਾ**

ਗਗਨ-ਸਵੇਂਦੀ ਪੌਣ
ਪੌਣ-ਵਸੇਂਦੀ-ਅੱਗਣ
ਅੱਗਣ-ਵਸੇਂਦਾ-ਜਲ
ਜਲ-ਵਸੇਂਦੀ-ਧਰਤ
ਧਰਤ ਵਸੇਂਦਾ-ਗਗਨ

**ਭਾਗ ਤੀਜਾ**

ਮਿੱਟੀ-ਗੁੱਝਾ ਗਗਨ
ਮਿੱਟੀ-ਗੁੱਝੀ-ਹਵਾ
ਮਿੱਟੀ-ਗੁੱਝੀ-ਅੱਗਣ
ਮਿੱਟੀ-ਗੁੱਝਾ-ਜਲ
ਬੋਧ
ਬੋਧ-ਜਿਉਂਦੀ-ਮਿੱਟੀ

**ਭਾਗ ਚੌਥਾ**

ਗਗਨ ਵਸੇਂਦੀ ਮਿੱਟੀ ਵਸਦਾ ਬੋਧ
ਪੌਣ ਵਸੇਂਦੀ ਮਿੱਟੀ ਵਸਦਾ ਬੋਧ
ਅੱਗਣ ਵਸੇਂਦੀ ਮਿੱਟੀ ਵਸਦਾ ਬੋਧ
ਜਲ ਵਸੇਂਦੀ ਮਿੱਟੀ ਵਸਦਾ ਬੋਧ


-0-

ਸਨਮਾਨ ਸਹਿਤ

ਪ੍ਰਭੂ ਗੰਗਾ ਪ੍ਰਸਾਦ

ਅਤੇ

ਸੁਆਮੀ ਸਰੂਪਾ ਨੰਦ ਜੀ

ਮਹਾਰਾਜ ਦੇ ਨਾਂ

# ਚਰਨ ਸਿੰਘ ਦੀ ਕਵਿਤਾ ਅਤੇ ਉਸਦੀ ਜਾਣ-ਪਛਾਣ

ਚਰਨ ਸਿੰਘ ਬੇਗੋਵਾਲ (ਕਪੂਰਥਲਾ) ਦਾ ਜੰਮਿਆ, ਜਲੰਧਰ ਦਾ ਪੜ੍ਹਿਆ, ਲਿਖਿਆ ਅਤੇ ਗੁੜ੍ਹਿਆ ਰੁਜ਼ਗਾਰ ਦੀ ਤਲਾਸ਼ ਵਿਚ ਕੈਨੇਡਾ ਜਾ ਵਸਿਆ, ਪੰਜਾਬੀ ਕਵੀ ਹੈ ਜਿਸ ਨੇ ਆਪਣੇ ਭਾਵਾਂ ਨੂੰ ਤਰਕ ਦੇ ਆਧਾਰ ਤੇ ਅਭਿਵਿਅਕਤੀ ਪ੍ਰਦਾਨ ਕਰਦੇ ਹੋਏ, ਕਵਿਤਾ ਦੇ ਮਾਧਿਅਮ ਰਾਹੀਂ ਪਾਠਕਾਂ ਨਾਲ ਸਾਂਝ ਪਾਈ ਹੈ। ਚਰਨ ਸਿੰਘ ਪੰਜਾਬੀ ਦੇ ਕੁਝ ਇਕ ਬੌਧਿਕ ਕਵੀਆਂ ਵਿਚੋਂ ਹੈ ਜਿਸ ਨੂੰ ਪੜ੍ਹਨਾ, ਸਮਝਣਾ ਅਤੇ ਆਲੋਚਨਾ ਦਾ ਆਧਾਰ ਬਣਾਉਣਾ ਕਠਿਨ ਕਾਰਜ ਹੈ। ਇਸੇ ਲਈ ਤੀਸਰੀ ਅੱਖ, ਮਿੱਟੀ 'ਚ ਉਕਰੇ ਅੱਖਰ, ਸ਼ੂਨਯ ਬੋਧ, ਕਾਵਿ-ਸੰਗ੍ਰਿਹਾਂ ਤੋਂ ਬਾਅਦ 'ਆਪੇ ਬੋਲ ਸ੍ਰੋਤ' ਵਰਗੀ ਲੰਬੀ ਕਵਿਤਾ ਲਿਖਣ ਵਾਲਾ ਸਮਰੱਥ ਅਤੇ ਬੌਧਿਕ ਕਵੀ ਅਣਗੌਲਿਆ ਹੀ ਰਿਹਾ। ਚਰਨ ਸਿੰਘ ਦੀ ਕਵਿਤਾ ਦੇ ਪਾਠਕਾਂ ਸੰਬੰਧੀ ਇਹ ਕਿਹਾ ਜਾਵੇ ਕਿ ਉਹ ਅਗਲੀ ਪੀੜ੍ਹੀ ਦੇ ਹੀ ਹੋਣਗੇ, ਤਾਂ ਅਤਿਕਥਨੀ ਨਹੀਂ ਹੋਵੇਗੀ। 'ਆਪੇ ਬੋਲ ਸ੍ਰੋਤ' ਢਾਈ ਸੌ ਸਫ਼ਿਆਂ ਦੀ ਇਕ ਲੰਬੀ ਕਵਿਤਾ ਹੈ ਜਿਸ ਵਿਚ ਮਨੁੱਖ ਵਿਚਲੇ ਪੰਜਾਂ ਤੱਤਾਂ ਦੀਆਂ ਪ੍ਰਵਿਰਤੀਆਂ ਦਾ ਵਰਨਣ ਹੈ। ਇਨ੍ਹਾਂ ਪ੍ਰਵਿਰਤੀਆਂ ਦਾ ਸੰਤੁਲਨ ਹੀ ਮਨੁੱਖੀ ਜੀਵਨ ਨੂੰ ਮਨੁੱਖਤਾ ਅਨੁਕੂਲ ਢਾਂਚੇ ਵਿਚ ਢਾਲਣ ਲਈ ਸਹਾਇਕ ਹੋ ਸਕਦਾ ਹੈ। ਇਸ ਦਾ ਸੰਤੁਲਨ ਕਿਵੇਂ ਕਾਇਮ ਕੀਤਾ ਜਾਏ ਤਾਂ ਜੋ ਮਨੁੱਖਤਾ ਅਨੁਕੂਲ ਸਮਾਜਕ, ਰਾਜਨੀਤਕ ਅਤੇ ਆਰਥਿਕ, ਸਿਸਟਮ ਸਿਰਜਿਆ ਜਾ ਸਕੇ। ਜਿਸ ਨਾਲ ਇਕ ਨਰੋਏ, ਸੁੰਦਰ, ਸ੍ਰੇਸ਼ਟ ਅਤੇ ਸਾਂਝੇ ਸੰਸਾਰ ਦੀ ਸਿਰਜਣਾ ਹੋ ਸਕੇ। 'ਆਪੇ ਬੋਲ ਸ੍ਰੋਤ' ਦਾ ਮੂਲ ਆਧਰ ਮਿੱਟੀ ਹੈ, ਜੋ ਮਨੁੱਖ ਦਾ ਪ੍ਰਤੀਕ ਹੈ। ਜਿਸ ਵਿਚ ਗਗਨ ਤੋਂ ਧਰਤ ਤੱਕ ਦੀ ਪ੍ਰਕਿਰਿਆ ਦਾ ਪੰਜ ਪੜਾਵਾਂ ਵਿਚ ਵਰਨਣ ਕੀਤਾ ਗਿਆ ਹੈ। ਪਹਿਲੇ ਭਾਗ ਵਿਚ

'ਗਗਨ ਵਸੇਂਦਾ ਗਗਨ', ਦੂਜੇ ਵਿਚ 'ਪੌਣ ਵਸੇਂਦੀ ਪੌਣ', ਤੀਜੇ ਵਿਚ 'ਅਗਨ ਵਸੇਂਦੀ ਅਗਨ' ਅਤੇ ਚੌਥੇ ਵਿਚ 'ਜਲ ਵਸੇਂਦਾ ਜਲ' ਦਾ ਵਰਨਣ ਹੈ। ਇਸ ਲੰਬੀ ਕਵਿਤਾ ਵਿਚ ਪੰਜ ਤੱਤਾਂ ਦੇ ਆਪਸੀ ਬਣਦੇ ਅਤੇ ਟੁੱਟਦੇ ਰਿਸ਼ਤਿਆਂ ਨੂੰ ਵੱਖ ਵੱਖ ਪ੍ਰਸੰਗਾਂ ਵਿਚ ਪੇਸ਼ ਕੀਤਾ ਗਿਆ ਹੈ। ਗਗਨ ਨੂੰ ਰਹੱਸਵਾਦੀ ਅਨੁਭਵ ਅਤੇ ਅਭਿਵਿਅਕਤੀ ਪ੍ਰਦਾਨ ਕਰਦੇ ਹੋਏ ਜਿਥੇ ਗਗਨ ਦੀ ਅਸੀਮਤਾ, ਵਿਸ਼ਾਲਤਾ ਅਤੇ ਡੂੰਘਾਈ ਦਾ ਵਰਨਣ ਹੈ, ਉਥੇ ਇਸ ਦੇ ਅੰਤਰੀਵੀ ਵਿਸਮਾਦੀ ਪ੍ਰਭਾਵ ਨੂੰ ਵੀ ਉਲੀਕਿਆ ਗਿਆ ਹੈ। ਇਸੇ ਤਰ੍ਹਾਂ ਹੀ ਅਗਨ, ਜਲ ਅਤੇ ਧਰਤ ਨੂੰ ਬੌਧਿਕ ਆਧਾਰ ਬਣਾਇਆ ਗਿਆ ਹੈ।

ਚਰਨ ਸਿੰਘ ਨੇ ਇਸ ਰਚਨਾ ਵਿਚ ਸਪਸ਼ਟ ਤੌਰ ਤੇ ਪੰਜ ਤੱਤਾਂ ਤੋਂ ਉਤਪੰਨ ਹੋਈਆਂ ਪ੍ਰਵਿਰਤੀਆਂ ਦਾ ਸੰਤੁਲਨ ਸਥਾਪਤ ਕਰਨ ਦਾ ਯਤਨ ਕੀਤਾ ਹੈ। ਇਸ ਕਵਿਤਾ ਵਿਚ ਕਲਾਤਮਕ ਪੱਧਰ ਤੇ ਇਹ ਚਿਤਰਨ ਕਰਨ ਦਾ ਯਤਨ ਵੀ ਕੀਤਾ ਹੈ ਕਿ ਨਵ-ਸੰਸਾਰ ਸਿਰਜਣ ਦੇ ਸਮਰੱਥ, ਉਹ ਨੌਕਰੀ, ਦੁਨੀਆਂ ਦੀ ਰਾਹਨੁਮਾਈ ਦੇ ਕਾਬਲ ਹਨ। ਪ੍ਰਵਿਰਤੀ ਦੀ ਸੰਤੁਲਨਤਾ ਕਾਇਮ ਰੱਖਣੀ ਬੋਧ ਤੇ ਆਧਾਰਿਤ ਹੈ। ਬੋਧ ਦੇ ਆਧਾਰ ਤੇ ਹੀ ਮਨੁੱਖ ਆਪਣੇ ਆਪ ਦੀ, ਆਪਣੇ ਸਵੈ ਦੀ ਤਲਾਸ਼ ਕਰਦਾ ਹੈ। ਇਸ ਤਲਾਸ਼ ਦੀ ਕੋਸ਼ਿਸ਼ ਜਾਂ ਸਫ਼ਲਤਾ 'ਚੋਂ ਹੀ ਨਵੇਂ ਮਨੁੱਖ ਦਾ ਨਿਰਮਾਣ ਸੰਭਵ ਹੈ। ਦੂਜੇ ਸ਼ਬਦਾਂ ਵਿਚ ਇਸ ਨੂੰ ਮਾਨਵਤਾ ਅਨੁਕੂਲ ਸੰਸਾਰ ਸਿਰਜਣ ਦੀ ਪਹਿਲਕਦਮੀ ਕਹਿ ਸਕਦੇ ਹਾਂ। ਗਿਆਨ ਤੋਂ ਵਿਗਿਆਨ ਤਕ ਪਹੁੰਚ ਕੇ ਮਨੁੱਖ, ਮਨੁੱਖ ਦਾ ਹੋ ਜਾਂਦਾ ਹੈ। ਸਮਾਜਕ, ਆਰਥਕ, ਰਾਜਨੀਤਕ ਪ੍ਰਾਪਤੀਆਂ ਦੀ ਅਭਿਲਾਖਾ ਅਤੇ ਸੁੱਖ ਚੈਨ, ਜਿਥੇ ਮਨੁੱਖ ਆਪਣੇ ਆਪ ਲਈ ਲੋਚਦਾ ਹੈ, ਉਥੇ ਉਹ ਦੂਜਿਆਂ ਮਨੁੱਖਾਂ ਨੂੰ ਇਸ ਤੋਂ ਵਰਜਿਤ ਨਹੀਂ ਕਰਦਾ। ਇਹ ਸੰਤੁਲਨ ਹੀ ਮਨੁੱਖਤਾ ਅਨੁਕੂਲ ਸੰਸਾਰ ਦਾ ਨਿਰਮਾਣ ਕਰ ਸਕਦਾ ਹੈ।

ਇਸ ਸੰਤੁਲਨ ਦੀ ਪ੍ਰਾਪਤੀ ਅਜੋਕੇ ਸੰਦਰਭ ਵਿਚ ਗਲੋਬਲ ਪੱਧਰ ਤੇ ਮਨੁੱਖ ਨੇ ਕਿਵੇਂ ਕਰਨੀ ਹੈ। 'ਆਪੇ ਬੋਲ ਸੂਤ' ਦਾ ਮੂਲ ਥੀਮ ਤੇ ਵਿਸ਼ਾ ਹੈ। ਇਸ ਲੰਬੀ ਕਵਿਤਾ ਦਾ ਆਕਾਰ ਅਤੇ ਥੀਮ ਦੀ ਅਸੀਮਤਾ ਹੀ ਪੰਜਾਬੀ ਵਿਚ ਇਕ ਨਵਾਂ ਪ੍ਰਯੋਗ ਹੈ, ਜੋ ਚਰਨ ਸਿੰਘ ਦੀ ਵੱਡੀ ਪ੍ਰਾਪਤੀ ਹੈ। ਇਸ ਪੁਸਤਕ ਨੂੰ ਪਾਠਕਾਂ ਦੇ ਸਨਮੁਖ ਕਰਦਾ ਹੋਇਆ ਮੈਂ ਮਾਣ ਕਰ ਸਕਦਾ ਹਾਂ ਕਿ ਇਸ ਦਾ ਰਚੇਤਾ ਚਰਨ ਸਿੰਘ ਮੇਰਾ ਵਿਦਿਆਰਥੀ ਹੈ। ਚਰਨ ਸਿੰਘ ਨਾਲ ਮੇਰਾ

ਰਿਸ਼ਤਾ ਅਧਿਆਪਕ-ਵਿਦਿਆਰਥੀ ਵਾਲਾ ਹੈ। 1973 ਵਿਚ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਮੈਂ ਅਧਿਆਪਕ ਸਾਂ ਅਤੇ ਚਰਨ ਸਿੰਘ ਐਮ. ਏ. ਪੰਜਾਬੀ ਦਾ ਵਿਦਿਆਰਥੀ। ਉਸ ਸਮੇਂ ਵੀ ਉਹ ਕਵਿਤਾ ਲਿਖਦਾ ਹੁੰਦਾ ਸੀ ਅਤੇ ਕਾਫ਼ੀ-ਹਾਊਸ ਵਿਚ ਆਪਣਾ ਬਹੁਤਾ ਸਮਾਂ ਅਮਿਤੋਜ, ਸ਼ੁਕੀਨ ਸਿੰਘ, ਚਿਰੰਜੀਵ ਅਦਿ ਨਾਲ ਗੁਜ਼ਾਰਦਾ ਸੀ। ਉਸ ਦੀ ਅਵਾਰਗੀ ਦੀ ਇਹ ਆਦਤ ਉਸਨੂੰ ਵਧੀਆ ਵਿਦਿਆਰਥੀ ਬਨਣ ਤੋਂ ਰੋਕਦੀ ਰਹੀ। ਜਮਾਤ ਵਿਚ ਕਵੀਆਂ ਵਾਂਗ ਵਿਚਰਣਾ ਉਸਦਾ ਸੁਭਾਅ ਸੀ, ਜੋ ਕਿਸੇ ਵੀ ਅਧਿਆਪਕ ਨੂੰ ਮੇਰੇ ਵਾਂਗ ਹੀ ਪ੍ਰਵਾਨਤ ਨਹੀਂ ਹੁੰਦਾ। ਇਸ ਲਈ ਤਕਰਾਰ ਰਹਿੰਦਾ ਸੀ। ਪਰ ਸਾਹਿਤ ਸੰਬੰਧੀ ਵਿਚਾਰ ਚਰਚਾ ਵਿਚ ਉਸਦੀ ਪਕੜ ਦਾ ਮੈਂ ਉਸ ਸਮੇਂ ਤੋਂ ਹੀ ਪ੍ਰਭਾਵਤ ਸਾਂ ਅਤੇ ਅੱਜ ਵੀ ਉਸਨੂੰ ਗੁਰਭਜਨ ਗਿੱਲ ਅਤੇ ਸ਼ਮਸ਼ੇਰ ਸੰਧੂ ਵਾਂਗ ਪਿਆਰਦਾ ਹਾਂ।

'ਪਰਵਾਸ' ਤ੍ਰੈਮਾਸਕ ਪੁਸਤਕ ਲੜੀ ਦੀ ਪ੍ਰਕਾਸ਼ਨਾ ਕਾਰਨ 'ਚਰਨ' ਨਾਲ ਮੁੜ ਟੁੱਟੀ ਗੰਢੀ ਗਈ। ਵਿਦਿਆਰਥੀ ਜੀਵਨ ਤੋਂ ਲਾਪਤਾ 'ਚਰਨ' ਕੈਨੇਡਾ ਵਿਚ 'ਆਪੇ-ਬੋਲ-ਸ੍ਰੋਤ' ਰਾਹੀਂ ਮੁੜ ਮਿਲਿਆ। ਇਸ ਰਚਨਾ ਨੂੰ ਪੜ੍ਹ ਕੇ ਖੁਸ਼ੀ ਹੋਈ ਕਿ ਪਰਾਈ ਧਰਤੀ ਤੇ ਵਿਚਰਦਿਆਂ, ਦੁੱਖ ਸੁੱਖ ਝਲਦਿਆਂ, ਉਹ ਅੱਜ ਵੀ ਸਾਹਿਤ ਨੂੰ ਸਮਰਪਤ ਹੈ। ਉਸਦੀ ਇਹ ਰਚਨਾ ਆਸ ਬੰਨ੍ਹਾਉਂਦੀ ਹੈ ਕਿ ਉਹ ਪੰਜਾਬੀ ਸ਼ਾਇਰੀ ਵਿਚ ਨਵੀਆਂ ਲੀਹਾਂ ਸਥਾਪਤ ਕਰਨ ਦੇ ਸਮਰੱਥ ਹੋਵੇਗਾ। ਮੇਰਾ ਵਿਸ਼ਵਾਸ ਅਤੇ ਕਾਮਨਾ ਵੀ ਹੈ।

**ਸ.ਪ. ਸਿੰਘ**

ਪ੍ਰੋਫੈਸਰ ਪੰਜਾਬੀ ਅਧਿਐਨ ਸਕੂਲ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

# ਚਰਨ ਸਿੰਘ ਰਚਿਤ
# ਆਪੇ-ਬੋਲ-ਸ੍ਰੋਤ

**-ਡਾ. ਗੁਰੂਮੇਲ ਸਿੱਧੂ**

ਚਰਨ ਸਿੰਘ ਦੀ ਨਵੀਂ ਕਾਵਿ-ਪੁਸਤਕ ਆਪੇ-ਬੋਲ-ਸ੍ਰੋਤ ਦੀ ਕਵਿਤਾ ਮੇਰੇ ਚੇਤਨ ਵਿਚ ਅਡੋਲ ਟਿਕੀ ਬੈਠੀ ਹੈ। ਜਦ ਕੋਈ ਕਿਰਤ ਸਹਿਜ ਸੁਭਾਅ ਤੁਹਾਡੇ ਚੇਤਨ ਨਾਲ ਭਿਆਲੀ ਪਾ ਲੈਂਦੀ ਹੈ ਤਾਂ ਸਿੱਧ ਹੈ ਕਿ ਉਸ ਵਿਚ ਕੋਈ ਟੁੰਬਣ ਸ਼ਕਤੀ ਹੈ। ਇਹ ਸ਼ਕਤੀ ਇਕ-ਪੱਖੀ ਵੀ ਹੋ ਸਕਦੀ ਹੈ ਬਹੁ-ਪੱਖੀ ਵੀ। ਇਸ ਪੁਸਤਕ ਦਾ ਵਿਸ਼ਾ ਅਧਿਆਤਮਕ ਹੁੰਦਿਆਂ ਹੋਇਆਂ ਵੀ ਨਵਾਂ ਹੈ ਅਤੇ ਸ਼ਬਦਾਵਲੀ ਨਵੀਂ ਹੁੰਦਿਆਂ ਹੋਇਆਂ ਵੀ ਅਧਿਆਤਮਕ ਹੈ। ਪਹਿਲਾਂ ਇਨ੍ਹਾਂ ਦੋਹਾਂ ਪੱਖਾਂ ਬਾਰੇ ਗੱਲ ਕੀਤੀ ਜਾਵੇਗੀ ਅੰਤ ਵਿਚ ਇਨ੍ਹਾਂ ਪੱਖਾਂ ਦੀ ਕਾਵਿਕ ਵਿਸ਼ੇਸ਼ਤਾ ਬਾਰੇ ਵਿਚਾਰਿਆ ਜਾਵੇਗਾ।

ਆਪੇ-ਬੋਲ-ਸ੍ਰੋਤ ਇਕ ਲੰਬੀ ਬਿਰਤਾਂਤਕ ਕਵਿਤਾ ਹੈ ਜਿਸ ਵਿਚ ਸ੍ਰਿਸ਼ਟੀ ਦੇ ਪੰਜਾਂ ਤੱਤਾਂ ਨਾਲ ਵਿਚਾਰ ਸੰਵਾਦ ਰਚਾਇਆ ਗਿਆ ਹੈ। ਭਾਰਤੀ ਮਨੌਤ ਅਨੁਸਾਰ ਪ੍ਰਿਥਵੀ (ਧਰਤੀ) ਪੌਣ (ਹਵਾ) ਪਾਣੀ (ਜਲ) ਅਗਨੀ (ਅੱਗ) ਅਤੇ ਪ੍ਰਕਾਸ਼ (ਗਗਨ) ਪੰਜ ਮੂਲ ਤੱਤ ਹਨ ਜਿਨ੍ਹਾਂ ਦੇ ਅਧਾਰ ਤੇ ਇਹ ਸ੍ਰਿਸ਼ਟੀ ਬਣੀ ਹੈ। ਇਹੀ ਤੱਤ ਜੀਵਨ ਏਕਤਾ ਅਰਥਾਤ ਜੀਵਨ ਗਤੀ ਦੇ ਵੀ ਸੂਚਕ ਹਨ। ਧਾਰਮਿਕ ਪੁਸਤਕਾਂ, ਖਾਸ ਕਰਕੇ ਗੁਰੂ ਗ੍ਰੰਥ ਸਾਹਿਬ, ਇਹ ਹਯਾਤੀ (ਮਨੁੱਖ, ਬੰਦਾ) ਦੇ ਮੂਲ ਤੱਤ ਮੰਨੇ ਗਏ ਹਨ :

ਪੰਚ ਤੱਤ ਕਾ ਤਨ ਰਚਿਉ, ਜਾਨਹੁ ਚਤੁਰ ਸੁਜਾਨ।
ਜਿਹ ਤੇ ਉਪਜਿਓ ਨਾਨਕਾ, ਲੀਨ ਤਾਹਿ ਮੈ ਮਾਨ॥

ਗੁਰੂ ਗ੍ਰੰਥ ਸਾਹਿਬ–1429

ਪੰਜ ਤੁਤ ਮਿਲਿ ਕਾਇਆ ਕੀਨੀ, ਤੁਤ ਕਹਾ ਤੇ ਕੀਨ ਰੇ।
ਕਰਮ ਬਧ ਤੁਮ ਜੀਉ ਕਹਤ ਹੋ ਕਰਮਹਿ ਕਿਨਿ ਜੀਉਦੀਨ॥

ਗੌਂਡ ਕਬੀਰ–870

ਭਾਵ ਮਨੁੱਖੀ ਸਰੀਰ ਪੰਜਾਂ ਮੂਲ ਤੱਤਾਂ ਦਾ ਬਣਿਆ ਹੋਇਆ ਹੈ ਅਰਥਾਤ ਮਨੁੱਖ ਦੀ ਹੋਂਦ ਇਨ੍ਹਾਂ ਤੱਤਾਂ ਤੇ ਨਿਰਭਰ ਹੈ। ਇਹ ਇਕ ਅਧਿਆਤਮਕਵਾਦੀ ਖਿਆਲ ਹੈ ਮਾਨਵਵਾਦੀ ਨਹੀਂ। ਫਰਾਂਸੀਸੀ ਚਿੰਤਕ ਜੀਨ–ਪਾਲ ਸਾਤਰ (Jean Paul Sartre) ਦਾ ਅਸਤਿਤਵਵਾਦ ਮਾਨਵਵਾਦੀ ਹੈ ਕਿਉਂਕਿ ਉਹ ਬੰਦੇ ਦੀ ਹੋਂਦ ਨੂੰ ਜੀਵਨ ਦੀਆਂ ਗਤੀਆਂ–ਵਿਧੀਆਂ ਦਾ ਬਿੰਦੂ ਮੰਨਦਾ ਹੈ। ਸਾਰਤ੍ਰ ਅਨੁਸਾਰ "I Am Therefore I am" (ਮੈਂ ਇਸ ਲਈ ਮੈਂ ਹਾਂ) ਜਾਂ "ਹੋਂਦ ਪ੍ਰਤੱਖ ਦੀ ਪੂਰਵਵਰਤੀ ਹੈ।" ਜਾਂ ਇੰਝ ਕਹਿ ਲਵੋ ਕਿ ਮਨੁੱਖ ਪ੍ਰਤੱਖ ਦਾ ਪ੍ਰਮਾਣ ਹੈ। ਪ੍ਰਤੱਖ ਉਦੋਂ ਤੱਕ ਹੀ ਸਥਿਰ ਹੈ, ਜਦ ਤਕ ਪ੍ਰਮਾਣ ਸਥਿਤ ਹੈ।

ਸਾਰਤ੍ਰ ਅਨੁਸਾਰ ਮਨੁੱਖ ਹੈ ਤਾਂ ਪੰਜ ਤੱਤ ਹਨ ਕਿਉਂਕਿ ਉਸ ਵਿਚ ਇਨ੍ਹਾਂ ਨੂੰ ਨਿਖੇੜ ਕੇ ਪਰਖਣ ਦੀ ਸਮਰੱਥਾ ਹੈ। ਚਰਨ ਸਿੰਘ ਅਨੁਸਾਰ ਪੰਜ ਤੱਤ ਹਨ ਤਾਂ ਬੰਦਾ ਹੈ। ਉਹ ਮਨੁੱਖ ਦੀ ਭੌਤਿਕ ਹੋਂਦ ਨੂੰ ਨਹੀਂ ਉਸਦੇ ਸੋਮਾ ਸ੍ਰੋਤ ਨੂੰ ਮੁੱਖ ਰੱਖ ਕੇ ਤੁਰਦਾ ਹੈ। ਇਨ੍ਹਾਂ ਤੋਂ ਵੀ ਪਰ੍ਹੇ ਉਹ ਤੱਤਾਂ ਦੀਆਂ ਅੰਦਰੂਨੀ ਪ੍ਰਵਿਰਤੀਆਂ ਤਕ ਅਪੜਨ ਦਾ ਉਪਰਾਲਾ ਕਰਦਾ ਹੈ। ਉਹ ਪ੍ਰਵਿਰਤੀਆਂ ਹਨ, ਚਿੰਤਨ (ਗਗਨ) ਗਤੀ (ਹਵਾ) ਸ਼ਕਤੀ (ਅਗਨ) ਨਿਮਰਤਾ (ਜਲ) ਅਤੇ ਉਤਪਤੀ (ਧਰਤੀ)। ਚਰਨ ਸਿੰਘ ਇਕ ਸੰਪੂਰਨ ਮਨੁੱਖ ਦੇ ਅਗਾਜ਼ ਲਈ ਇਨ੍ਹਾਂ ਪੰਜਾਂ ਪ੍ਰਵਿਰਤੀਆਂ ਵਿਚ ਯੋਗ ਸੰਤੁਲਨ ਵੇਖਣਾ ਚਾਹੁੰਦਾ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਪੰਜੇ ਪ੍ਰਵਿਰਤੀਆਂ ਵਿਅਕਤੀਗਤ ਤੌਰ ਤੇ ਆਪਣਾ ਮੂਲ ਪਛਾਣਨ ਅਤੇ ਪੂਰਨ ਮਨੁੱਖ ਦੀ

ਉਸਾਰੀ ਲਈ ਆਪਣੇ ਯੋਗਦਾਨ ਦੀ ਸੀਮਾ ਨਿਰਧਾਰਤ ਕਰਨ। ਇਸ ਲਕਸ਼ ਦੀ ਪੂਰਤੀ ਲਈ ਚਰਨ ਸਿੰਘ ਪ੍ਰਵਿਰਤੀਆਂ ਵਿਚਕਾਰ ਇਕ ਸੰਵਾਦ ਰਚਾਉਂਦਾ ਹੈ। ਇਹ ਸੰਵਾਦ ਹੀ ਆਪੇ-ਬੋਲ-ਸ੍ਰੋਤ ਦਾ ਵਿਸ਼ਾ ਹੈ।

ਚਰਨ ਸਿੰਘ ਨੇ ਪੰਜ ਪ੍ਰਵਿਰਤੀਆਂ ਵਿਚਕਾਰ ਸੰਵਾਦ ਰਚਾਉਣ ਲਈ ਇਕ ਲੰਬੀ ਬਿਰਤਾਂਤਕ ਕਵਿਤਾ ਦਾ ਆਸਰਾ ਲਿਆ ਹੈ। ਇਹ ਕਵਿਤਾ ਬਿਰਤਾਂਤਕ ਇਸ ਲਈ ਹੈ ਕਿ ਇਹ ਪੰਜ ਪ੍ਰਵਿਤਰੀਆਂ ਦੀ ਇਕੱਲਿਆਂ-ਇਕੱਲਿਆਂ ਅਤੇ ਆਪਸ ਵਿਚਲੇ ਨਾਜ਼ੁਕ ਸੰਬੰਧਾਂ ਦੀ ਵਿਆਖਿਆ ਕਰਦੀ ਹੈ। ਇਹ ਪੰਜ ਪ੍ਰਵਿਰਤੀਆਂ ਬਾਰੇ ਟਕਸਾਲੀ ਰੂਪ ਵਿਚ ਕਹਾਣੀ ਨਹੀਂ ਪਾਉਂਦੀ ਸਗੋਂ ਸ਼ਬਦਾਂ ਦੀ ਇਕਾਗਰਤਾ ਵਿਚੋਂ ਅਰਥਾਂ ਦਾ ਸੰਚਾਰ ਕਰਦੀ ਹੈ। ਇਸ ਤਰ੍ਹਾਂ ਇਹ ਪੱਛਮੀ ਸਾਹਿਤ ਦੀਆਂ ਨਵ-ਬ੍ਰਿਤਾਂਤਕ ਅਤੇ ਨਵ-ਰੂਪਵਾਦੀ ਧਾਰਾਵਾਂ ਦਾ ਵਧੀਆ ਨਮੂਨਾ ਹੈ।

ਨਵ-ਬ੍ਰਿਤਾਂਤਕ (New Narrative) ਅਤੇ ਨਵ-ਰੂਪਵਾਦ (New Formalism) ਟਕਸਾਲੀ ਜਾਂ ਕਲਾਸੀਕਲ ਕਵਿਤਾ ਅਤੇ ਖੁੱਲ੍ਹੀ ਕਵਿਤਾ ਦੇ ਲੋੜੀਂਦੇ ਗੁਣਾਂ ਵਿਚ ਸੰਧੀ ਪੈਦਾ ਕਰਦੇ ਹਨ। ਟਕਸਾਲੀ ਕਵਿਤਾ ਭਾਸ਼ਾ ਦੀ ਏਕਤਾ ਉੱਤੇ ਜ਼ੋਰ ਦਿੰਦੀ ਹੈ। ਅਤੇ ਖੁੱਲ੍ਹੀ ਕਵਿਤਾ ਸ਼ਬਦ ਦੀ ਇਕਾਗਰਤਾ ਨੂੰ ਤਰਜ਼ੀਹ ਦਿੰਦੀ ਹੈ। ਟਕਸਾਲੀ ਕਵਿਤਾ ਵਿਚ ਪੂਰਵ-ਕਲਪਤ ਖ਼ਿਆਲ ਨੂੰ ਉਚਿਤ ਸ਼ਬਦ ਦੀ ਚੋਣ ਅਤੇ ਜੜ੍ਹਤ ਰਾਹੀਂ (ਤੋਲ-ਤੁਕਾਂਤ ਵਿਅੱਕਤ ਕੀਤਾ ਜਾਂਦਾ ਹੈ) ਖੁੱਲ੍ਹੀ ਕਵਿਤਾ "ਸ਼ਬਦ" ਵਿਚੋਂ ਵਿਚਾਰ ਦਾ ਸੰਚਾਰ ਕਰਦੀ ਹੈ।

ਖੁੱਲ੍ਹੀ ਕਵਿਤਾ ਵਿਚ ਖਿਆਲ ਇਕਹਿਰਾ, ਸੰਖੇਪ ਅਤੇ ਮੁਕਤ-ਛੰਦ ਵਿਚ ਵਿਅੱਕਤ ਹੁੰਦਾ ਹੈ। ਟਕਸਾਲੀ ਕਵਿਤਾ ਬਨਾਉਟੀ ਖਿਆਲ ਅਤੇ ਘਿਸੇ-ਪਿਟੇ ਛੰਦਾਂ ਕਰਕੇ ਅਕਾਊ ਅਤੇ ਥੋੜ੍ਹਚਿਰੀ ਹੈ। ਖੁੱਲ੍ਹੀ ਕਵਿਤਾ ਸੰਖੇਪਤਾ ਅਤੇ ਛੰਦ-ਮੁਕਤ ਹੋਣ ਕਰਕੇ ਔਖੀ ਅਤੇ ਰੁੱਖੀ ਜਾਪਦੀ ਹੈ।

ਨਵ-ਬ੍ਰਿਤਾਂਤਕ ਅਤੇ ਨਵ-ਰੂਪਵਾਦ ਧਾਰਾਵਾਂ, ਸ਼ਬਦਾਂ ਦੀ ਇਕਾਗਰਤਾ ਨੂੰ ਕਾਇਮ ਰੱਖਦਿਆਂ ਹੋਇਆਂ ਉਨ੍ਹਾਂ ਵਿਚ ਯੋਗ ਵਿਆਕਰਣਕ ਚਿੰਨ੍ਹਾਂ ਰਾਹੀਂ ਲੈਅ ਅਤੇ ਤੁਕਾਂਤ (ਜੇ ਹੋ ਸਕੇ) ਪੈਦਾ ਕਰਨ ਵੱਲ ਰੁਚਿਤ ਹਨ

ਅਤੇ ਪਾਠਕ ਦੀ ਉਤਸੁਕਤਾ ਬਣਾਈ ਰੱਖਣ ਲਈ ਭਾਵਾਂ ਦੇ ਯੋਗ ਵਿਸਥਾਰ ਉਤੇ ਵੀ ਜ਼ੋਰ ਦਿੰਦੀਆਂ ਹਨ। ਚਰਨ ਸਿੰਘ ਦੀ ਕਵਿਤਾ ਵਿਚ ਇਨ੍ਹਾਂ ਦੋਹਾਂ ਸਾਹਿਤਕ ਨਵ-ਪ੍ਰਵਿਤਰੀਆਂ ਦੇ ਅੰਸ਼ ਮੌਜੂਦ ਹਨ। ਇਸ ਲਈ ਉਸਦੀ ਕਵਿਤਾ ਨਾ ਤਾਂ ਅਕਾਊ ਮਹਿਸੂਸ ਹੁੰਦੀ ਹੈ ਅਤੇ ਨਾ ਹੀ ਰੁੱਖੀ ਭਾਸਦੀ ਹੈ।

ਜੰਗਲ ਚੋਂ ਸ਼ੀਸ਼ੇ ਦਾ ਉੱਗਣਾ
ਸ਼ੀਸ਼ੇ ਦਾ ਜੰਗਲ ਹੋ ਜਾਣਾ
ਆਪਣੇ ਲਹੂ ਨੂੰ ਮੂੰਹ ਤੇ ਮਲਕੇ
ਪੌਣ ਦਾ ਸੁੱਕਣਾ ਤੇ ਰੁਕ ਜਾਣਾ

ਸਫਾ-19

ਇਸ ਪੰਕਤੀ ਵਿਚ ਤਿੰਨ ਪ੍ਰਧਾਨ ਸ਼ਬਦ ਹਨ, ਜੰਗਲ, ਸ਼ੀਸ਼ਾ ਅਤੇ ਪੌਣ। ਜੰਗਲ ਸੁਜਿੰਦ ਹੈ, ਸ਼ੀਸ਼ਾ ਨਿਰਜਿੰਦ ਹੈ, ਪੌਣ ਗਤੀ ਦਾ ਚਿੰਨ੍ਹ ਹੈ। ਜੀਵਨ ਅਤੇ ਮਰਨ ਵਿਚਕਾਰ ਇਕ ਸਾਹ ਦਾ ਫ਼ਰਕ ਹੈ ਜਾਂ ਹਵਾ ਸਮਾਨ ਫ਼ਰਕ ਹੈ। ਲਹੂ ਨੂੰ ਮੂੰਹ ਤੇ ਮਲਣਾ ਅਤੇ ਹਵਾ ਦਾ ਰੁਕਣਾ ਸਮਾਨ-ਅਰਥੀ ਭਾਵ ਹਨ। ਇਨ੍ਹਾਂ ਵਿਚੋਂ ਸਾਡਾ ਚਿੰਤਨ ਜਨਮ ਵੀ ਲੈਂਦਾ ਹੈ ਅਤੇ ਮਰਦਾ ਵੀ ਹੈ। ਸਾਦਾ ਜਿਹਾ ਭਾਫ਼ ਹੈ ਜੋ ਸਿਰਫ਼ ਤਿੰਨਾਂ ਸ਼ਬਦਾਂ ਨੇ ਆਪਣੇ ਸਿਰ ਤੇ ਚੁੱਕਿਆ ਹੋਇਆ ਹੈ।

ਭਾਸ਼ਾ ਕਿਸੇ ਲੇਖਕ ਦੇ ਗਿਆਨ ਦੀ ਸੀਮਾ ਨਿਰਧਾਰਤ ਕਰਦੀ ਹੈ, ਇਹ ਸੀਮਾ ਸਿੱਧੀਂ (Vertical) ਅਤੇ ਸਪਾਟ (Horizontal) ਹੱਦਾਂ ਤੱਕ ਮਹਿਦੂਦ ਹੈ। ਸ਼ੈਲੀ (Style) ਜਿਸ ਦਿਸਹੱਦੇ ਵੱਲ ਨੂੰ ਪ੍ਰਵੇਸ਼ ਕਰਦੀ ਹੈ ਉਹੀ ਲੇਖਕ ਦੀ ਸਮਰੱਥਾ ਹੈ। ਆਧੁਨਿਕ ਪ੍ਰਵਿਰਤੀ ਵਾਲਾ ਕਵੀ ਨਾ ਤਾਂ ਆਪਣੀ ਸੀਮਾ ਚੁਣਦਾ ਹੈ ਅਤੇ ਨਾ ਹੀ ਆਪਣੀ ਸ਼ੈਲੀ। ਵਿਸ਼ਾ ਵਸਤੂ ਦੀ ਪ੍ਰਵਿਰਤੀ ਕਵੀ ਵਿਚੋਂ ਸੀਮਾ ਅਤੇ ਸ਼ੈਲੀ ਨੂੰ ਜਨਮ ਦਿੰਦੀ ਹੈ। ਇਨ੍ਹਾਂ ਦੀ ਪਹਿਚਾਣ ਕਿਵੇਂ ਹੁੰਦੀ ਹੈ। ਜੇ ਕਿਸੇ ਕਵੀ ਦੀ ਕਵਿਤਾ ਤਕਰੀਰ (Speech) ਵਾਂਗ ਸੁਣਾਈ ਦਿੰਦੀ ਹੈ ਤਾਂ ਉਹਦੀ ਸ਼ੈਲੀ ਸਪਾਟ ਹੈ (Horizontal Style) ਜੇ ਕਵਿਤਾ ਨੂੰ ਵਾਰ-ਵਾਰ ਪੜ੍ਹਣ ਕਾਰਨ ਵਿਸ਼ੇ ਵਸਤੂ ਦੀ ਸੀਮਾ ਨਿਰਧਾਰਤ

ਨਾ ਹੋ ਸਕੇ ਤਾਂ ਸ਼ੈਲੀ ਸਿੱਧੀ ਹੈ। (Vertical Style) ਭਾਵ ਹਰ ਵਾਰ ਪੜ੍ਹਣ ਨਾਲ ਨਵੇਂ ਭਾਵ-ਅਰਥ ਦਾ ਸੰਚਾਰ ਹੋਵੇ ਤਾਂ ਲੇਖਕ ਸਿੱਧੀ ਸ਼ੈਲੀ ਦਾ ਸੁਆਮੀ ਹੈ।

ਚਰਨ ਸਿੰਘ ਦੀ ਕਵਿਤਾ ਸਮੁੱਚੇ ਤੌਰ 'ਤੇ ਸਿੱਧੀ ਸ਼ੈਲੀ ਵਾਲੀ ਹੈ ਪਰ ਥਾਂ ਪੁਰ ਥਾਂ ਸਪਾਟ ਸ਼ੈਲੀ ਵੀ ਵਿਅਕਤ ਹੁੰਦੀ ਹੈ। ਵਿਅਕਤੀਗਤ ਤੱਤਾਂ ਦੀ ਬ੍ਰਿਤਾਂਤਕ ਵਿਆਖਿਆ ਵਿਚ ਸ਼ੈਲੀ ਸਿੱਧੀ ਹੈ ਪਰ ਜਦ ਤੱਤਾਂ ਵਿਚਕਾਰ ਸੰਵਾਦ ਰਚਾਉਂਦਾ ਹੈ ਤਾਂ ਸ਼ੈਲੀ ਕਿਤੇ-ਕਿਤੇ ਸਪਾਟ ਜਾਪਦੀ ਹੈ। ਇਸ ਊਣਤਾਈ ਦੇ ਅਤਿਰਿਕਤ ਵੀ ਉਸਦੇ ਸ਼ਬਦ ਅਲੰਕਾਰ ਸ਼ੈਲੀ ਨੂੰ ਮੂਲੋਂ ਸਪਾਟ ਨਹੀਂ ਹੋਣ ਦਿੰਦੇ। ਸ਼ਬਦਾਂ ਦੀ ਅੰਤਰੀਵ ਇਕਾਗਰਤਾ ਚੋਂ ਸੋਚ ਬਿੰਬ ਉਸਾਰਨ ਦੀ ਸਮਰੱਥਾ ਚਰਨ ਸਿੰਘ ਨੂੰ ਆਧੁਨਿਕ ਕਵਿਤਾ ਦਾ ਸਿਰਕੱਢ ਕਵੀ ਬਣਾਉਂਦੀ ਹੈ।

ਇਕ ਗੱਲ ਜੋ ਉੱਭਰ ਕੇ ਸਾਹਮਣੇ ਆਉਂਦੀ ਹੈ, ਉਹ ਹੈ ਕਿ ਕਵੀ ਨੂੰ ਵਿਸਮੁਕ-ਚਿੰਨ੍ਹ (!) ਤੋਂ ਸਿਵਾਏ ਹੋਰ ਕੋਈ ਵਿਸ਼ਰਾਮ-ਚਿੰਨ੍ਹ ਨਹੀਂ ਵਰਤਿਆ। ਵਿਸਮੁਕ ਚਿੰਨ੍ਹ ਉਤੇਜਨਾ ਅਤੇ ਤੀਖਣ ਵੇਦਨਾ ਦਾ ਸੂਚਕ ਹੈ। ਚਰਨ ਸਿੰਘ ਦੀ ਕਵਿਤਾ ਦਾ ਵਿਸ਼ਾ ਸਹਿਜ ਵਾਲਾ ਹੈ, ਜਿਸਦੀ ਉਸਾਰੀ ਲਈ ਰਹਾਓ ਵਰਗੇ ਠਹਿਰਾਅ ਦਾ ਵਰਤਿਆ ਜਾਣਾ ਸੁਭਾਵਕ ਜਾਪਦਾ ਹੈ। ਉਹ ਵੀ ਸੰਜਮਤਾ ਨਾਲ, ਤਾਂ ਕਿ ਖ਼ਿਆਲ ਦਾ ਪ੍ਰਵਾਹ ਨਾ ਟੁੱਟੇ। ਖੁੱਲ੍ਹੀ ਕਵਿਤਾ ਵਿਚ ਹਰ ਸ਼ਬਦ ਅਤੇ ਪੰਕਤੀ ਨੂੰ ਕਾਗ਼ਜ਼ ਦੇ ਸਫ਼ੇ ਤੇ ਭੂ-ਦ੍ਰਿਸ਼ (Landscape) ਵਾਂਗ ਸਜਾਉਣ ਨਾਲ ਵਿਸ਼ਰਾਮ ਚਿੰਨ੍ਹਾਂ ਦਾ ਕੰਮ ਲਿਆ ਜਾਂਦਾ ਹੈ।

ਸਫ਼ੇ ਉੱਤੇ ਇਸ ਪ੍ਰਬੰਧ ਵਿਚ ਕਵਿਤਾ ਦੇ ਭਾਵ ਦਾ ਉਜਾਗਰ ਕਰ ਦੇਣਾ, ਆਧੁਨਿਕ ਕਵੀ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਇਸੇ ਲਈ ਖੁੱਲ੍ਹੀ ਕਵਿਤਾ ਲਿਖਣਾ ਟਕਸਾਲੀ ਕਵਿਤਾ ਨਾਲੋਂ ਵਧੇਰੇ ਔਖਾ ਅਤੇ ਪੇਚੀਦਾ ਹੈ। ਪਰ ਪੰਜਾਬੀ ਵਿਚ ਹਰ ਜਣਾ-ਖਣਾ ਖੁੱਲ੍ਹੀ ਕਵਿਤਾ ਤੋਂ ਹੀ ਸ਼ੁਰੂ ਕਰਦਾ ਹੈ, ਕਿਉਂਕਿ ਉਨ੍ਹਾਂ ਭਾਣੇ ਸਫ਼ੇ ਉੱਤੇ ਅੱਗੜ-ਦੁੱਗੜ ਪੰਕਤੀਆਂ ਦਾ ਛੱਟਾ ਮਾਰ ਦੇਣਾ ਹੀ ਖੁੱਲ੍ਹੀ ਕਵਿਤਾ ਦਾ ਸੂਚਕ ਹੈ। ਅਜਿਹੇ ਕਵੀਆਂ ਨੂੰ ਚਰਨ ਸਿੰਘ ਦੀ

ਕਵਿਤਾ ਤੋਂ ਕੁੱਝ ਸਿੱਖਿਆ ਮਿਲ ਸਕਦੀ ਹੈ।

ਚਰਨ ਸਿੰਘ ਦੀ ਕਵਿਤਾ ਦੇ ਵਿਸ਼ੇ ਦੀ ਉਸਾਰੀ ਅਤੇ ਵਿਉਂਤਬੰਦੀ ਬਾਰੇ ਇਕ ਵੱਖਰੇ ਲੇਖ ਦੀ ਲੋੜ ਹੈ। ਇੱਥੇ ਏਨਾ ਕਹਿਣਾ ਉਚਿੱਤ ਹੋਵੇਗਾ ਕਿ ਚਰਨ ਸਿੰਘ ਆਪਣੇ ਵਿਸ਼ੇ ਦੀ ਉਸਾਰੀ ਉਸ ਚਿੱਤਰਕਾਰ ਵਾਂਗ ਕਰਦਾ ਹੈ ਜੋ ਵੱਖਰੇ-ਵੱਖਰੇ ਰੰਗਾਂ ਨੂੰ ਮਿਲਾ ਕੇ ਉਸ ਵੇਲੇ ਤਕ ਤਜਰਬੇ ਕਰਦਾ ਰਹਿੰਦਾ ਹੈ ਜਦ ਤਕ ਕੋਈ ਅਨੋਖੀ ਭਾਅ ਵਾਲਾ ਰੰਗ ਪੈਦਾ ਨਹੀਂ ਹੋ ਜਾਂਦਾ। ਨਵੇਂ ਰੰਗ ਮਿਸ਼ਰਨ ਨਾਲ ਉਹ ਕੋਈ ਨਵੇਂ ਚਿੱਤਰ ਦੀ ਸਿਰਜਣਾ ਕਰਦਾ ਹੈ।

ਅਜਿਹੇ ਚਿੱਤਰ ਨੂੰ ਸਮਝਣ ਲਈ ਕੁੱਝ ਦੇਰ ਤਾਂ ਲੱਗਦੀ ਹੈ ਪਰ ਸਮਝਣ ਉਪਰੰਤ ਇਕ ਅਜੀਬ ਕਿਸਮ ਦੀ ਸੰਤੁਸ਼ਟੀ ਵੀ ਮਿਲਦੀ ਹੈ। ਚਰਨ ਸਿੰਘ ਵਿਚ ਨਵੀਨ ਕਾਵਿਕਾਰੀ ਦੀ ਸਮਰੱਥਾ ਹੈ ਇਸ ਲਈ ਉਸਨੂੰ ਹੋਰ ਅਣਗੌਲਿਆ ਨਹੀਂ ਕੀਤਾ ਜਾ ਸਕਦਾ।

-0-

# ਆਤਮ-ਬੋਧ ਦਾ ਸਹਿਜ-ਪ੍ਰਕਾਸ਼
## ਆਪੇ-ਬੋਲ-ਸੂਤ / ਚਰਨ ਸਿੰਘ

-ਬ੍ਰਹਮ ਜਗਦੀਸ਼ ਸਿੰਘ

ਚਰਨ ਸਿੰਘ ਦੇ ਕਾਵਿ ਲੋਕ ਨਾਲ ਮੇਰਾ ਪਹਿਲਾ ਪਰਿਚਯ 1987 ਈ. ਵਿਚ ਪ੍ਰਕਾਸ਼ਿਤ ਹੋਏ ਉਸਦੇ ਕਾਵਿ-ਸੰਗ੍ਰਹਿ ਸ਼ੂਨਯ-ਬੋਧ ਦੁਆਰਾ ਹੋਇਆ। ਉਸ ਸਮੇਂ ਮੈਨੂੰ ਇਹ ਅਹਿਸਾਸ ਹੋਇਆ ਸੀ ਕਿ 'ਸ਼ੂਨਯ-ਬੋਧ' ਦਾ ਫ਼ਲਸਫ਼ਾ ਲੇਖਕ ਨੇ ਫਰਾਂਸ ਦੇ ਚਰਚਿਤ ਅਸਤਿਤਵਵਾਦੀ ਦਾਰਸ਼ਨਿਕ ਜਾਂ ਪਾਲ ਸਾਰਤਰ ਦੀਆਂ ਲਿਖਤਾਂ ਤੋਂ ਗ੍ਰਹਿਣ ਕੀਤਾ ਹੋਣਾ ਹੈ। ਭਾਰਤ ਵਿਚ ਸੱਤਰਵਿਆਂ ਵਿਚ, ਸਾਰਤਰ ਦੀਆਂ ਲਿਖਤਾਂ ਬੌਧਿਕ ਹਲਕਿਆਂ ਵਿਚ ਕਾਫ਼ੀ ਮਕਬੂਲ ਸਨ। ਉਸਦੇ ਨਾਵਲਾਂ, ਨਾਟਕਾਂ ਤੋਂ ਗੱਲ ਸ਼ੁਰੂ ਕਰਕੇ ਉਸਦੀ ਦਾਰਸ਼ਨਿਕ ਰਚਨਾ 'Being & Nothingness' ਤਕ ਪਹੁੰਚ ਜਾਂਦੀ ਸੀ। ਜਿਸ ਬਾਰੇ ਭਾਵੇਂ ਬਹੁਤਾ ਇਲਮ ਕਿਸੇ ਨੂੰ ਵੀ ਨਹੀਂ ਸੀ ਪਰ ਤਾਂ ਵੀ ਆਪਣੇ ਬੌਧਿਕ ਹੋਣ ਦਾ ਭਰਮ ਸਿਰਜਣ ਲਈ ਅਸੀਂ ਸਾਰੇ ਇਉਂ ਵਿਖਾਵਾ ਕਰਦੇ ਸਾਂ ਜਿਵੇਂ ਇਸ ਰਚਨਾ ਬਾਰੇ ਸਾਨੂੰ ਸਭ ਕੁੱਝ ਮਾਲੂਮ ਹੋਵੇ। ਸਾਰਤਰ ਦੀ ਗੱਲ ਕਰਦਿਆਂ-ਕਰਦਿਆਂ ਸਾਡੇ ਵਿਚੋਂ ਕੁੱਝ ਅਤਿ-ਉਤਸ਼ਾਹੀ ਵਿਅਕਤੀ ਕ੍ਰਿਕੇਗਾਰਡ, ਹਸਰਲ, ਹੈਡਿਗਰ ਅਤੇ ਮਾਰਲੋ ਪੌਂਤੀ ਦੇ ਨਾਮ ਵੀ ਉਛਾਲ ਦਿਆ ਕਰਦੇ ਸਨ। ਚਰਨ ਸਿੰਘ ਦੇ 'ਸ਼ੂਨਯ-ਬੋਧ' ਨੂੰ ਪ੍ਰਾਪਤ ਕਰਨ ਸਮੇਂ ਮੇਰੀ ਪਹਿਲੀ ਅਤੇ ਸਹਿਜ-ਪ੍ਰਤਿਕ੍ਰਿਆ ਇਹੀ ਸੀ ਕਿ ਇਹ ਵਿਅਕਤੀ ਵੀ ਸਾਡੇ ਵਾਂਗ ਗਿਆਨ ਦਾ ਪ੍ਰਦਰਸ਼ਨ ਕਰਨ ਵਾਸਤੇ ਅਤਿ-ਉਤਸੁਕ ਹੈ।

ਪਰੰਤੂ ਜਦੋਂ ਮੈਂ 'ਸ਼ੂਨਯ-ਬੋਧ' ਦੇ ਪਾਠ ਦੀ ਗਹਿਰਾਈ ਵਿਚ ਉੱਤਰਿਆ ਤਾਂ ਸਪੱਸ਼ਟ ਹੋ ਗਿਆ ਕਿ ਚਰਨ ਸਿੰਘ ਦਾ 'ਸ਼ੂਨਯ-ਬੋਧ' ਨਿਰੋਲ

ਉਸਦੀ ਆਪਣੀ ਪਰਾਭੌਤਿਕ ਸਥਿਤੀ ਵਿਚੋਂ ਉਗਮਿਆ ਇਕ ਸਹਿਜ-ਸਤਿ ਹੈ ਅਤੇ ਇਸਦਾ ਪੱਛਮੀ ਅਸਤਿਤਵਵਾਦ ਨਾਲ ਕੋਈ ਬਹੁਤਾ ਸੰਬੰਧ ਨਹੀਂ ਹੈ। 1987 ਤੋਂ ਬਾਅਦ ਕਦੇ ਮੈਂ ਚਰਨ ਸਿੰਘ ਬਾਰੇ ਕੋਈ ਖ਼ਬਰ ਨਾ ਸੁਣੀ। ਸਾਡੀਆਂ ਸਾਹਿਤਕ-ਸਭਿਆਚਾਰਕ ਸੰਸਥਾਵਾਂ ਚਾਬੀ ਵਾਲੇ ਖਿਡੌਣੇ ਦੀ ਨਿਆਈਂ ਹਨ। ਚਾਬੀ ਭਰੋ ਅਤੇ ਥੋੜ੍ਹੀ ਦੇਰ ਲਈ ਖੇਡ-ਤਮਾਸ਼ਾ ਵੇਖ ਲਓ। ਚਾਬੀ ਖਤਮ ਤਾਂ ਖੇਡ-ਤਮਾਸ਼ਾ ਵੀ ਖਤਮ। ਇਹਨਾਂ ਦੀ ਤੁਲਣਾ ਸਿੱਕੇ ਪਾ ਕੇ ਭਾਰ ਦੱਸਣ ਵਾਲੀ ਮਸ਼ੀਨ ਨਾਲ ਵੀ ਕੀਤੀ ਜਾ ਸਕਦੀ ਹੈ। ਸਿੱਕੇ ਪਾਓ ਅਤੇ ਆਪਣਾ (ਆਪਣੀ ਰਚਨਾ ਦਾ) ਭਾਰ ਮਾਲੂਮ ਕਰ ਲਓ। ਪਰੰਤੂ ਚਰਨ ਸਿੰਘ ਦੇ ਸੰਬੰਧ ਵਿਚ ਇਹ ਗੱਲ ਨਿਝੱਕ ਹੋ ਕੇ ਕਹੀ ਜਾ ਸਕਦੀ ਹੈ ਕਿ ਉਹ ਚਾਬੀ ਵਾਲੇ ਖਿਡਾਉਣਿਆਂ ਜਾਂ ਸਿੱਕੇ ਪਾ ਕੇ ਭਾਰ ਦੱਸਣ ਵਾਲੀਆਂ ਮਸ਼ੀਨਾਂ ਦੇ ਪਿੱਛੇ ਕਦੇ ਨਹੀਂ ਨੱਠਿਆ। ਇਸੇ ਕਾਰਨ ਉਸਦੀਆਂ ਰਚਨਾਵਾਂ ਦੀ ਏਧਰ ਬਹੁਤੀ ਚਰਚਾ ਨਾ ਹੋ ਸਕੀ।

'ਆਪੇ ਬੋਲ-ਸ੍ਰੋਤ' ਦੀ ਟੈਕਸਟ ਮੈਨੂੰ ਡਾ. ਸ਼ਾਮ ਸਿੰਘ ਤੋਂ ਪ੍ਰਾਪਤ ਹੋਈ ਜਿਨ੍ਹਾਂ ਨੇ ਪਰਵਾਸੀ ਪੰਜਾਬੀ ਸਾਹਿਤ ਦੇ ਵਿਸ਼ਲੇਸ਼ਣ ਅਤੇ ਮੁਲਾਂਕਣ ਨੂੰ ਇਕ ਪ੍ਰਾਜੈਕਟ ਵਜੋਂ ਅਪਣਾਇਆ ਹੋਇਆ ਹੈ। ਪਹਿਲੀ ਨਜ਼ਰੇ ਚਾਰ ਭਾਗਾਂ ਵਿਚ ਵਿਭਾਜਿਤ ਇਹ ਰਚਨਾ ਮੈਨੂੰ ਟੀ. ਐਸ. ਐਲੀਅਟ ਦੀ 'Four Quartets' ਵਾਂਗ ਮਹਿਸੂਸ ਹੋਈ ਪਰੰਤੂ ਜਿਵੇਂ-ਜਿਵੇਂ ਮੈਂ ਇਸਦੇ ਅੰਦਰ ਪ੍ਰਵੇਸ਼ ਕਰਦਾ ਗਿਆ, ਅਧਿਆਤਮਕ ਮੰਡਲਾਂ ਦੇ ਸਹਿਜ-ਗਿਆਨ ਨੇ ਮੇਰੇ ਵਜੂਦ ਨੂੰ ਅੰਦਰੋਂ-ਬਾਹਰੋਂ ਭਰਪੂਰ ਕਰ ਦਿੱਤਾ। ਮੈਨੂੰ ਇਹ ਰਚਨਾ ਇਕ 'ਆਧੁਨਿਕ ਉਪਨਿਸ਼ਦ' ਪ੍ਰਤੀਤ ਹੋਈ, ਜਿਸ ਵਿਚ ਬ੍ਰਹਿਮੰਡ ਦੇ ਸਥਾਈ ਤੱਤਾਂ ਦੀ ਤਹਿ-ਦਰ-ਤਹਿ ਨੂੰ ਅਤੇ ਇਕ ਦੂਜੇ ਨਾਲ ਇਹਨਾਂ ਦੀ ਅੰਤਰ-ਕ੍ਰਿਆ ਨੂੰ 'ਜੀਵੰਤ ਰੂਪ ਵਿਚ ਪ੍ਰਕਾਸ਼ਮਾਨ ਕਰਨ ਦੀ ਅਦਭੁਤ ਕੋਸ਼ਿਸ਼ ਕੀਤੀ ਗਈ ਹੈ।

ਗਗਨ, ਪੌਣ, ਅਗਨ, ਜਲ ਅਤੇ ਧਰਤੀ ਇਹ ਪੰਜ ਤੱਤ ਹਨ, ਜਿਨ੍ਹਾਂ ਦੁਆਰਾ ਮਨੁੱਖੀ ਪੁਤਲਾ ਬਣਿਆ ਹੋਇਆ ਹੈ। ਚਰਨ ਸਿੰਘ ਨੇ ਇਸ ਰਚਨਾ ਦੇ ਪਹਿਲੇ ਭਾਗ ਵਿਚ ਇਨ੍ਹਾਂ ਪੰਜ ਤੱਤਾਂ ਦੀ ਪ੍ਰਕਿਰਤੀ ਨੂੰ ਸਮਝਣ-ਸਮਝਾਉਣ ਦੀ ਚੇਸ਼ਟਾ ਕੀਤੀ ਹੈ। ਉਸ ਅਨੁਸਾਰ ਗਗਨ ਆਪਣੇ ਆਪ ਤਕ ਅਪੜਨ ਦਾ ਪਹਿਲਾ ਮੁਖ ਦੁਆਰ ਹੈ। ਗਗਨ ਦਾ ਸਾਖਿਆਤਕਾਰ ਕਰਕੇ

ਮਾਨਵਤਾ ਦੇ ਮੱਥੇ ਉੱਤੋਂ ਸਾਰੇ ਧੱਬੇ ਮਿਟਾਏ ਜਾ ਸਕਦੇ ਹਨ। ਪੌਣ ਸਿਰਜਕ ਹੈ, ਯੁਕਤੀਕਾਰ ਹੈ। ਇਹ ਮਾਨਵ ਨੂੰ ਮਾਨਵ ਦੀ ਸਹੀ ਪਹਿਚਾਣ ਕਰਵਉਂਦੀ ਹੈ। ਅਗਨੀ ਦੇ ਨਿੱਘ ਦੁਆਰਾ ਮਾਨਵ ਦੇ ਨਕਸ਼ ਘੜੇ ਜਾਂਦੇ ਹਨ। ਇਹ ਸੱਚੀ ਟਕਸਾਲ ਹੈ। ਇਹ ਆਪਣੇ ਚਾਨਣ ਦੁਆਰਾ ਮਨੁੱਖਤਾ ਦਾ ਇਤਿਹਾਸ ਲਿਖਦੀ ਹੈ। ਜਲ, ਜੀਵਨ ਵਿਚ ਨਵੇਂ ਰੰਗ ਅਤੇ ਹਰਿਆਲੀਆਂ ਭਰਦਾ ਹੈ। ਇਹ ਮਿੱਟੀ ਦੇ ਸੋਚਣ ਢੰਗ ਵਿਚ ਨਵੀਆਂ ਤਬਦੀਲੀਆਂ ਲੈ ਕੇ ਆਉਂਦਾ ਹੈ। ਧਰਤੀ ਚਿੰਤਨ ਦੀ ਜਨਮਦਾਤੀ ਹੈ। ਉਹ ਮਾਨਵ-ਪਿੰਡੇ ਦੇ ਸਾਂਝੇ ਲਹੂ ਦੀ ਪਹਿਚਾਣ ਹੈ।

ਦੂਜੇ ਖੰਡ ਵਿਚ ਲੇਖਕ ਨੇ ਗਗਨ ਵਿਚ ਵੱਸਦੀ ਪੌਣ, ਪੌਣ ਵਿਚ ਵੱਸਦੀ ਅਗਨ, ਅਗਨ ਵਿਚ ਵੱਸਦੇ ਜਲ, ਜਲ ਵਿਚ ਵੱਸਦੀ ਧਰਤੀ ਅਤੇ ਧਰਤੀ ਵਿਚ ਵੱਸਦੇ ਗਗਨ ਨੂੰ ਆਪਣੇ ਚਿੰਤਨ ਅਤੇ ਮੰਨਣ ਦਾ ਵਿਸ਼ਾ ਬਣਾ ਕੇ ਤੱਤਾਂ ਦੀ ਅੰਤਰ-ਕ੍ਰਿਆ ਦੁਆਰਾ ਸਿਰਜੇ ਜਾ ਰਹੇ ਬ੍ਰਹਿਮੰਡ ਦਾ ਅਵਲੋਕਨ ਕਰਵਾਇਆ ਹੈ। ਜਿਵੇਂ :

ਗਗਨ ਪੌਣ ਦਾ ਮਿਸ਼ਰਣ
ਮਾਨਵ ਦਰਪਣ ਅਖਾਏ
ਜੀਹਦੀ ਸ਼ਮਾਂ ਉਤਾਰੇਂ ਆਰਤੀ
ਜਿਹਨੂੰ ਜਲ-ਥਲ ਗਗਨ ਧਿਆਏ।

ਪੌਣ ਵਸਾ ਕੇ ਪਿੰਡੇ ਅਗਨੀ
ਜਲ ਦਾ ਰੂਪ ਪਛਾਣੇ
ਨਿੱਘ ਦੇ ਮੱਥੇ ਬਲਦੀ ਲੋਅ 'ਚੋਂ
ਆਪਣਾ ਅੰਤਰ ਜਾਣੇ।

ਜਲ 'ਚ ਭਿੱਜੀ ਅੱਗ
ਜਿਸ ਦੇ ਕੋਲ ਹੈ
ਵੇਦ ਕਤੇਬਾਂ ਦਾ ਉਹ
ਸੁੱਚਾ ਬੋਲ ਹੈ

ਇਸ ਸੰਗ
ਜ਼ੋ ਵੀ ਤੁਰਿਆ ਹੈ
ਉਹ ਹੀ ਆਪਣੇ ਅੰਦਰਲੇ
ਸੰਗ ਜੁੜਿਆ ਹੈ।

ਜਲ ਦੀ ਜੋਤ ਜਗਾ ਕੇ ਪਿੰਡੇ
ਅਨੁਭਵ! ਸੱਚ ਹੋ ਜਾਏ
ਧਰਤੀ!
ਮਿੱਟੀ ਦੇ ਬੁੱਤਾਂ ਦੀ ਸਿਰਜਣਹਾਰ ਕਹਾਏ।
ਲੋਅ ਵਿਚ
ਤੁਰਦੀ ਤੁਰਦੀ ਲੋਅ ਦਾ
ਸੂਰਜ ਚੜ੍ਹਦਾ ਜਾਵੇ
ਦਿਸਹੱਦੇ ਤੇ ਗਗਨ ਧਰਤ ਦੇ
ਸਾਹੀਂ ਘੁਲਦਾ ਜਾਵੇ।

'ਆਪੇ-ਬੋਲ-ਸ੍ਰੋਤ' ਕਾਵਿ-ਪ੍ਰਵਚਨ ਦਾ ਇਕ ਹੋਰ ਉਜਾਗਰ ਲੱਛਣ ਇਸਦਾ ਮਾਨਵਵਾਦੀ ਪਰਿਪੇਖ ਹੈ। ਕਵੀ ਇਕ ਅਜਿਹੇ ਸਰਬ-ਸਾਂਝੇ ਬ੍ਰਹਿਮੰਡ ਦੀ ਕਲਪਨਾ ਕਰਦਾ ਹੈ ਜਿਥੇ ਕੋਈ ਹੱਦਾਂ-ਦੀਵਾਰਾਂ ਨਾ ਹੋਣ। ਜਿਥੇ ਮਾਨਵ ਚਿੰਤਨ ਬੀਜੇ, ਚਿੰਤਨ ਜੀਵੇ ਅਤੇ ਚਿੰਤਨ ਦਾ ਪਸਾਰ ਕਰੇ। ਉਸਦਾ ਵਿਚਾਰ ਹੈ ਕਿ ਜੋ ਮਾਨਵ, ਆਤਮ-ਬੋਧ ਨੂੰ ਜਿਉਂਦਾ ਹੈ, ਉਹੀ ਸਰੇਸ਼ਟ ਹੈ। ਇਸ ਪ੍ਰਸੰਗ ਵਿਚ ਉਸਦਾ ਇਕ ਪ੍ਰਵਚਨ ਸੁਣੋ :

ਜੋ ਮਿੱਟੀ ਬੋਧ ਜਿਉਂਦੀ
ਉਹ ਮਿੱਟੀ ਸਰੇਸ਼ਟ
ਉਸ ਮਿੱਟੀ ਦਾ ਮਨ ਸੀਤਲ
ਗਗਨਾਂ ਵਰਗਾ ਵੇਸ।

ਉਸ ਦੇ ਮੱਥੇ ਚੋਂ ਜਨਮੇਂਗਾ
ਆਉਣ ਵਾਲਾ ਸੰਸਾਰ
ਉਹ ਮਿੱਟੀ ਹੈ
ਕੰਧਾਂ, ਕੋਠੇ, ਗਲੀਆਂ
ਦਰ, ਦਰਬਾਰ।
ਉਸ ਮਿੱਟੀ ਦੀ ਆਪਣੀ ਬੋਲੀ
ਸੁੱਚੇ ਸ਼ਬਦ ਵਿਚਾਰ
ਉਹ ਮਿੱਟੀ! ਮਿੱਟੀ ਤੋਂ ਨੀਵੀਂ
ਲੋਕਾਂ ਦੇ ਵਿਚਕਾਰ।

'ਆਪੇ-ਬੋਲ-ਸ੍ਰੋਤ' ਵਿਚ ਭੂਤ, ਭਵਿੱਖ ਅਤੇ ਵਰਤਮਾਨ ਇਕੋ ਨੁਕਤੇ 'ਤੇ ਕੇਂਦ੍ਰਿਤ ਹਨ। ਮਹਾਂਕਾਲ ਦੇ ਸਰਵਰ ਵਿਚੋਂ ਉੱਭਰਦੇ ਕਵੀ ਦੇ ਬੋਲ, ਵਿਅਕਤੀ ਨੂੰ ਆਤਮ-ਬੋਧ ਦੇ ਮਾਰਗ ਉੱਤੇ ਚਲਣ ਲਈ ਪ੍ਰੇਰਿਤ ਕਰਦੇ ਹਨ। ਇਹ ਸ਼ਾਇਰੀ ਮਾਨਵ ਨੂੰ ਤਵਾਰੀਖ ਦੀ ਕੁੱਖ ਵਿਚ ਉੱਗ ਆਏ ਜੰਗਲ ਨੂੰ ਸਾਫ਼ ਕਰਨ ਦਾ ਇਕ ਸੱਜਰਾ ਆਹਵਾਨ ਵੀ ਦਿੰਦੀ ਹੈ। ਅਧਿਆਤਮਵਾਦ ਨਾਲ ਸੰਬੰਧਿਤ ਇਹ ਰਚਨਾ ਭਾਰਤੀ ਸਾਹਿਤ ਪਰੰਪਰਾ ਦੀ ਇਕ ਅਮੁੱਲ ਅਤੇ ਅਟੁੱਟ ਕੜੀ ਹੈ। ਮੈਨੂੰ ਬੜੀ ਖ਼ੁਸ਼ੀ ਹੋਈ ਹੈ ਕਿ ਚਰਨ ਸਿੰਘ ਨੇ ਦਾਰਸ਼ਨਿਕ ਅਨੁਭਵ ਦੇ ਬਿਖੜੇ ਮਾਰਗ ਉਤੇ ਚਲ ਕੇ ਆਤਮ-ਬੋਧ ਦੇ ਸਹਿਜ-ਪ੍ਰਕਾਸ਼ ਦੀ ਪਹਿਚਾਣ ਕਰ ਲਈ ਹੈ। 'ਆਪੇ-ਬੋਲ-ਸ੍ਰੋਤ' ਇਸ ਆਤਮ-ਬੋਧ ਦੇ ਸਹਿਜ-ਪ੍ਰਕਾਸ਼ ਦੀਆਂ ਕਿਰਨਾਂ ਦਾ ਨਾਮ ਹੈ। ਮੈਂ ਇਹਨਾਂ ਨੂਰਾਨੀ ਕਿਰਨਾਂ ਨੂੰ 'ਜੀ ਆਇਆਂ' ਕਹਿਣ ਵਿਚ ਆਪਣੀ ਖ਼ੁਸ਼ਕਿਸਮਤੀ ਸਮਝਦਾ ਹਾਂ।

-0-

# ਉੱਤਰ-ਆਧੁਨਿਕਤਾ ਦਾ ਸ਼ਾਇਰ—ਚਰਨ ਸਿੰਘ

-ਗੁਰਸੁਖ਼ਨ

ਕੈਨੇਡਾ ਨਿਵਾਸੀ ਚਰਨ ਸਿੰਘ ਹੁਣ ਤੱਕ 'ਤੀਸਰੀ ਅੱਖ' (1982), 'ਮਿੱਟੀ 'ਚ ਉੱਕਰੇ ਅੱਖਰ' (1984), 'ਸ਼ੂਨਯ-ਬੋਧ' (1987) ਅਤੇ 'ਆਪੇ-ਬੋਲ-ਸ੍ਰੋਤ, (ਇਕ ਲੰਬੀ ਕਵਿਤਾ) (1994) ਚਾਰ ਕਾਵਿ ਸੰਗ੍ਰਿਹ ਪੰਜਾਬੀ ਕਾਵਿੰ-ਜਗਤ ਨੂੰ ਦੇ ਚੁੱਕਾ ਹੈ। ਇਹਨਾਂ ਕਾਵਿ ਸੰਗ੍ਰਿਹਾਂ ਨੇ ਭਾਵੇਂ ਅਜੇ ਆਮ ਪਾਠਕਾਂ ਵਿਚ ਆਪਣੀ ਪਛਾਣ ਬਨਾਉਣੀ ਹੈ, ਪਰੰਤੂ ਸਾਹਿਤ ਅਧਿਅਨ ਦੇ ਗੰਭੀਰ ਚਿੰਤਕਾਂ ਦਾ ਧਿਆਨ ਉਹਨਾਂ ਦੀ ਸ਼ਾਇਰੀ ਨੇ ਆਪਣੇ ਵੱਲ ਜ਼ਰੂਰ ਖਿੱਚਿਆ ਹੈ। ਮੇਰੀ ਚਰਨ ਸਿੰਘ ਦੀ ਕਵਿਤਾ ਨਾਲ ਜਾਣ-ਪਛਾਣ ਉਹਨਾਂ ਦੇ ਕਾਵਿ ਸੰਗ੍ਰਿਹ 'ਸ਼ੂਨਯ ਬੋਧ' ਨਾਲ ਹੋਈ। 'ਸ਼ੂਨਯ ਬੋਧ' ਵਿਚਲੀਆ ਕਵਿਤਾਵਾਂ ਪੰਜਾਬੀ ਵਿਚ ਲਿਖੀ ਜਾ ਰਹੀ ਅਜੋਕੀ ਕਵਿਤਾ ਨਾਲੋਂ ਕਾਫ਼ੀ ਨਿਵੇਕਲੀ ਭਾਂਤ ਦੀਆਂ ਹਨ। ਇਹਨਾਂ ਵਿਚਲਾ ਬੌਧਿਕ ਤੱਤ ਅਤੇ ਵਿਗਿਆਨਕ ਬਿੰਬ ਆਮ ਪਾਠਕ ਦੀ ਪਕੜ 'ਚ ਆਉਣ ਨਾਲੋਂ ਕੁੱਝ ਉਚੇਰਾ ਹੈ। ਭਾਵੇਂ, ਉਸਦੀ ਕਵਿਤਾ ਨੂੰ ਡੀਕੋਡ ਕਰਨ ਦੀ ਯੁਕਤੀ ਉਸਦੀ ਕਿਸੇ ਨਾ ਕਿਸੇ ਲਾਈਨ ਜਾਂ ਸ਼ਬਦ ਵਿਚ ਪਈ ਹੁੰਦੀ ਹੈ ਭਾਵੇਂ ਉਸ ਨੂੰ ਲੱਭਣਾ ਖਾਸਾ ਮੁਸ਼ਕਲ ਹੁੰਦਾ ਹੈ। ਜਿਵੇਂ ਹੇਠ ਲਿਖੀਆਂ ਲਾਈਨਾਂ ਤੋਂ ਦੇਖਿਆ ਜਾ ਸਕਦਾ ਹੈ :

ਮੇਰੇ ਅੱਗੇ ਚੁੱਪ ਉਜਾੜ ਹੈ ਪਸਰੀ ਪਈ
ਮੇਰੇ ਪਿੱਛੇ ਇਕ ਦੁਨੀਆਂ ਹੱਸਦੀ ਵੱਸਦੀ ਪਈ
ਵੱਖੀ 'ਚ ਵਗ ਰਿਹਾ ਤਰਲ ਲੋਹੇ ਦਾ ਦਰਿਆ।

ਵੱਖੀ ਵਿਚ ਵਗ ਰਿਹਾ ਤਰਲ ਲੋਹੇ ਦਾ ਦਰਿਆ ਜਿਥੇ ਪਾਠਕ ਨੂੰ

ਹੈਰਾਨ ਅਤੇ ਅਚੰਭਿਤ ਕਰਦਾ ਹੈ ਉਥੇ ਇਸ ਕਵਿਤਾ ਨੂੰ ਸਮਝਣ ਦੀ ਜੁਗਤ ਵੀ ਦੱਸਦਾ ਹੈ। ਕਿਉਂਕਿ ਵੱਖੀ ਵਿਚ ਵਗਦੇ ਲੋਹੇ ਦੇ ਦਰਿਆ ਨੂੰ ਉਹੋ ਪਾਠਕ ਸਮਝ ਸਕਦਾ ਹੈ ਜੀਹਨੂੰ ਇਹ ਪਤਾ ਹੋਵੇਗਾ ਕਿ ਖ਼ੂਨ ਵਿਚ ਆਇਰਨ ਹੁੰਦਾ ਹੈ ਅਤੇ ਅੱਗੇ ਚੁੱਪ ਉਜਾੜ ਤੋਂ ਭਾਵ ਮਾਨਵ ਸਭਿਅਤਾ ਵਿਚ ਆ ਰਹੇ ਨਿਘਾਰ ਵੱਲ ਇਸ਼ਾਰਾ ਹੈ। ਪਿੱਛੇ ਇਕ ਦੁਨੀਆਂ ਹੱਸਦੀ-ਵੱਸਦੀ ਤੋਂ ਪਰਵਾਸੀਆਂ ਦੇ ਪੰਜਾਬੀ ਸਭਿਆਚਾਰ ਪ੍ਰਤੀ ਉਦਰੇਵੇਂ ਅਤੇ ਮੋਹ ਦੀ ਭਾਵਨਾ ਦਾ ਪਤਾ ਲੱਗਦਾ ਹੈ।

ਹੱਥਲੀ ਪੁਸਤਕ ਆਪੇ-ਬੋਲ-ਸ੍ਰੋਤ' ਹੈ ਜਿਹੜੀ ਪਿੱਛੇ ਜਿਹੇ ਹੀ ਛੱਪ ਕੇ ਆਈ ਹੈ। 'ਆਪੇ-ਬੋਲ-ਸ੍ਰੋਤ' ਇਕ ਲੰਬੀ ਕਵਿਤਾ ਹੈ ਜਿਹੜੀ ਕਿ ਤਕਰੀਬਨ ਢਾਈ ਸੌ ਸਫਿਆਂ ਵਿਚ ਫੈਲੀ ਹੋਈ ਹੈ। ਜਿਸ ਵਿਚ ਕਵੀ ਨੇ ਵਿਗਿਆਨਕ ਅਤੇ ਅਧਿਆਤਮਕ ਪੱਧਤੀਆਂ ਰਾਹੀਂ ਵਸਤੂ, ਬ੍ਰਹਿਮੰਡ ਅਤੇ ਪ੍ਰਾਕਿਰਤਕ ਤੱਤਾਂ ਦੇ ਵਿਸ਼ਲੇਸ਼ਣ ਅਤੇ ਅੰਤਰ-ਸੰਬੰਧਾਂ ਨੂੰ ਸਮਝਣ ਸਮਝਾਉਣ ਦਾ ਯਤਨ ਕੀਤਾ ਹੈ। ਇਸ ਲੰਬੀ ਕਵਿਤਾ ਦੇ ਪਾਠ ਸਮੇਂ ਪਾਠਕ ਅਚੰਭਿਤ ਵੀ ਹੁੰਦਾ ਹੈ ਅਤੇ ਉਸ ਤੋਂ ਵਸਤਾਂ, ਤੱਤਾਂ ਅਤੇ ਪ੍ਰਾਕ੍ਰਿਤਕ ਵਰਤਾਰਿਆਂ ਨੂੰ ਇਕ ਨਵੇਂ ਦ੍ਰਿਸ਼ਟੀਕੋਣ ਤੋਂ ਵੇਖਣ ਤੇ ਸਮਝਣ ਦਾ ਵੱਲ ਵੀ ਸਿੱਖਦਾ ਹੈ। ਇਸ ਵਿਚ ਸ਼ਾਇਰ ਨੇ ਤੱਤਾਂ ਵਿਚਲੇ ਅਣੂਆਂ ਅਤੇ ਪ੍ਰਮਾਣੂਆਂ ਵਿਚਲੀ ਅੰਤਰ-ਸੰਬੰਧਾਂ ਦੀ ਉਸ ਕਸ਼ਿਸ਼ ਨੂੰ ਵਿਗਿਆਨਕ ਯੁਗਤੀ ਰਾਹੀਂ ਸਮਝਣਾ ਚਾਹਿਆ ਹੈ ਜਿਹਨੂੰ ਜਾਨਣ ਲਈ ਅਧਿਆਤਮਵਾਦੀ ਅਤੇ ਸਾਹਿਤਕਾਰ ਸਮਿਆਂ ਤੋਂ ਯਤਨਸ਼ੀਲ ਰਹੇ ਸਨ ਅਤੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਹੈ ਕਿ ਦੋਵੇਂ ਆਪਣੇ-ਆਪਣੇ ਸਾਧਨਾਂ, ਵਸੀਲਿਆਂ ਅਤੇ ਯੁਗਤਾਂ ਨਾਲ ਪਦਾਰਥਕ ਪ੍ਰਕਿਰਤੀ ਨੂੰ ਜਾਨਣ ਅਤੇ ਸਮਝਣ ਦੇ ਉਸ ਦਾਇਰੇ ਦੇ ਕਿੱਧਰੇ ਨੇੜੇ-ਤੇੜੇ ਵਿਚਰ ਰਹੇ ਹਨ ਜਿਥੇ ਅੱਗੋਂ ਗਿਆਨ ਦੀ ਰੌਸ਼ਨੀ ਦਾ ਰਾਹ ਖੁੱਲ੍ਹਦਾ ਹੈ। ਮਨੁੱਖੀ ਹੋਂਦ ਬਾਰੇ ਗੱਲ ਕਰਦਿਆਂ ਉਹ ਇਸ ਨੂੰ ਇਕ ਪਾਸੇ ਪਸ਼ੂ ਬਿਰਤੀਆਂ ਦਾ ਸੰਗ੍ਰਹਿ ਸਮਝਦਾ ਹੈ ਜਿਹੜਾ ਕਿ ਉਸਦਾ ਮੁੱਢ ਵੀ ਹਨ ਅਤੇ ਜੜ੍ਹ ਵੀ, ਕਿਉਂਕਿ ਕਾਮ, ਕ੍ਰੋਧ, ਮੋਹ ਅਤੇ ਹੰਕਾਰ ਮਨੁੱਖ ਦੇ ਜਨਮ ਜਨਮਾਂਤਰਾਂ ਦੇ ਸਾਥੀ ਹਨ, ਇਹਨਾਂ ਦਾ ਸੁਮੇਲ ਦੀਵਾ ਤੇ ਬੱਤੀ ਵਾਂਗ ਹੈ ਇਕ ਦੀ ਅਣਹੋਂਦ ਤੋਂ ਬਿਨਾਂ ਦੂਜੇ ਦੀ ਹੋਂਦ ਸੰਭਵ ਨਹੀਂ, ਇਹ ਵੱਖਰੀ ਗਲ ਹੈ ਕਿ ਮਨੁੱਖ ਆਪਣੇ ਅੰਦਰਲੇ ਜੰਗਲੀ ਰੁੱਖ ਨੂੰ ਛਾਂਗ, ਸੰਵਾਰ ਕੇ ਸਭਿਆ ਹੋਣ ਦੇ

ਯਤਨ ਵਿਚ ਹੈ, ਇਸੇ ਯਤਨ ਵਿਚ ਹੀ ਸਾਡੇ ਪੀਰ, ਪੈਗ਼ੰਬਰ, ਦਰਸ਼ਨ ਵੇਤਾ ਅਤੇ ਹੋਰ ਗੁਣਵਾਨ ਪੁਰਖ ਉਸ ਅਵੱਸਥਾ ਵਿਚ ਪਹੁੰਚੇ ਜਿਥੇ ਉਹਨਾਂ ਦਾ ਚਿੰਤਨ ਖ਼ੁਸ਼ਬੋਆਂ ਸੰਗ ਭਰ ਗਿਆ ਅਤੇ ਸਾਰਾ ਜਗ ਚਾਨਣ ਨਾਲ ਰੌਸ਼ਨ ਹੋ ਗਿਆ। ਅਜਿਹੀ ਅਵਸਥਾ ਵਿਚ ਦੈਵੀ ਨੂਰ ਅਤੇ ਮਨੁੱਖੀ ਹੋਂਦ ਇਕ ਦੂਜੇ ਦੇ ਕਾਰਜ ਅਤੇ ਕਾਰਨ ਵੀ ਬਣ ਜਾਂਦੇ ਹਨ। ਪਰੰਤੂ, ਦੈਵੀ ਨੂਰ ਅਤੇ ਮਨੁੱਖ 'ਮੈਂ' ਵਿਚ ਚੇਤੰਨਤਾ ਦੇ ਵੱਡੇ ਅੰਤਰ ਨੂੰ ਸਮਝਦਿਆਂ ਮਨੁੱਖੀ ਹੋਂਦ ਅਤੇ ਚੇਤੰਨਤਾ ਨੂੰ ਸਭ ਪਸਾਰੇ ਤੋਂ ਵਧੇਰੇ ਕਾਰਜਸ਼ੀਲ ਹੁੰਦਿਆਂ ਉਸਨੂੰ ਮਾਨਵਤਾ ਦੀ ਭਲਾਈ ਲਈ ਅਗਸਰ ਰਹਿਣ ਦਾ ਸੁਝਾਅ ਵੀ ਦਿੱਤਾ ਹੈ ਕਿਉਂਕਿ ਇਸ ਪੁਸਤਕ ਦੇ ਪਹਿਲੇ ਤਿੰਨ ਬ੍ਰਹਿਮੰਡੀ ਵਰਤਾਰਿਆਂ ਅਤੇ ਤੱਤਾਂ ਦੇ ਆਪਸੀ ਸੁਮੇਲ ਅਤੇ ਸੰਬੰਧਾਂ ਦੀ ਸੁਜੋੜ-ਵਿਜੋੜਤਾ ਵਿਚੋਂ ਉਪਜੇ ਤੱਤਾਂ ਦੀ ਸਾਰਥਿਕਤਾ ਨੂੰ ਦੱਸਦਿਆਂ ਚੌਥੇ ਭਾਗ ਵਿਚ ਸਾਰੇ ਤੱਤਾਂ ਦਾ ਕੇਂਦਰ ਬਿੰਦੂ ਮਨੁੱਖੀ ਹੋਂਦ ਨੂੰ ਹੀ ਬਣਾਇਆ ਹੈ, ਇੰਜ ਕਰਦਿਆਂ ਜੋ ਨਤੀਜੇ ਸ਼ਾਇਰ ਨੇ ਕੱਢੇ ਹਨ ਉਹਦੇ ਵਿਚ ਧਰਤੀ ਅਤੇ ਮਨੁੱਖੀ ਹੋਂਦ ਨੂੰ ਸਾਰੀਆਂ ਕੁਦਰਤੀ ਸ਼ਕਤੀਆਂ ਤੋਂ ਉੱਤਮ ਮੰਨਿਆ ਗਿਆ ਹੈ। ਕਿਉਂਕਿ ਗਗਨ ਤੋਂ ਜਲ ਜਦੋਂ ਧਰਤੀ ਉੱਪਰ ਵਸਦਾ ਹੈ ਤਾਂ ਉਹ ਧਰ਼ਤੀ ਦੇ ਜਲ ਨੂੰ ਵੀ ਨਿਰਮਾਣਤਾ ਦਾ ਸਬਕ ਦੱਸਦਾ ਹੈ। ਨਾਲ ਦੀ ਨਾਲ ਜਲ, ਧਰਮ ਅਤੇ ਸੂਰਜ ਵਿਚ ਇਹਨਾਂ ਦੇ ਆਪਸੀ ਸੰਚਾਰ ਦਾ ਮਾਧਿਅਮ ਬਣਦਾ ਹੈ ਜਦ ਇਹ ਮੁੜ ਭਾਫ਼ ਦੇ ਰੂਪ ਵਿਚ ਗਗਨ 'ਚ ਪਹੁੰਚਦਾ ਹੈ ਤਾਂ ਧਰਤੀ ਦੀਆਂ ਖ਼ੁਸ਼ਬੂਆਂ ਦੀਆਂ ਕੰਨਸੋਆਂ ਗਗਨਾਂ ਤਕ ਪਹੁੰਚਾਉਂਦਾ ਹੈ। ਫਿਰ ਸ਼ਾਇਰ ਮਨੁੱਖੀ ਹੋਂਦ ਨੂੰ ਗਗਨ ਵਸੇਂਦੀ ਮਿੱਟੀ ਵਿਚ ਵੱਸਦੇ਼ ਬੋਧ, ਪੌਣ ਵਸੇਂਦੀ ਮਿੱਟੀ ਵੱਸਦੇ ਬੋਧ, ਅਗਨ ਵਸੇਂਦੀ ਮਿੱਟੀ ਵੱਸਦੇ ਬੋਧ ਅਤੇ ਜਲ ਵਸੇਂਦੀ ਮਿੱਟੀ ਵੱਸਦੇ ਬੋਧ ਦੀ ਚਾਰ ਭਾਗਾਂ ਵਿਚ ਵਿਆਖਿਆ ਕਰਦਾ ਹੈ। ਉਹ "ਮੈਂ" ਨੂੰ ਮਿਹਨਤਕਸ਼ ਦੇ ਸਮਾਨਰਥਕ ਸ਼ਬਦਾਂ ਵਿਚ ਰੱਖਦਾ ਹੈ ਜੋ ਗਗਨ ਦੀ ਗੁੱਝੀ ਮਿੱਟੀ ਵਿਚ ਵੱਸਦਾ ਬੋਧ ਵੀ ਹੈ ਅਤੇ ਨਵੇਂ ਯੁੱਗ ਦੀ ਨਵੀਂ ਚੇਤੰਨਤਾ ਵੀ, ਜਿਹੜੀ ਔਖੀਆਂ ਘਾਟੀਆਂ ਵੀ ਪਾਰ ਕਰਨਾ ਚਾਹੁੰਦੀ ਹੈ ਅਤੇ ਕੁਦਰਤੀ ਸ਼ਕਤੀਆਂ ਨੂੰ ਵੀ ਆਪਣੇ ਵੱਸ ਵਿਚ ਕਰ ਲੈਣਾ ਚਾਹੁੰਦੀ ਹੈ, ਉਸ ਨੂੰ ਆਪਣੀ ਮਾਨਸਿਕਤਾ ਵਿਚ ਉੱਗੇ ਪਰੰਪਰਕ ਜੰਗਲ ਦਾ ਵੀ ਅਹਿਸਾਸ ਹੈ, ਅਤੇ ਆਪਣੀ ਪਰੰਪਰਕ ਮਿਥਿਹਾਸਕ ਤਵਾਰੀਖ

ਵਿਚ ਮੰਥੇ ਸਾਗਰਾਂ ਦਾ ਵੀ ਗਿਆਨ ਹੈ, ਤੇ ਹੁਣ ਉਹ ਗਗਨ ਮੰਥਨ ਦੀ ਗੱਲ ਕਰਦਾ ਹੈ ਤਾਂ ਜੋ ਨਵੀਂ ਚੇਨਤਾ ਰਾਹੀਂ ਪ੍ਰਾਕਿਰਤਕ ਵਰਤਾਰਿਆਂ, ਵਸਤੂਆਂ ਅਤੇ ਸ਼ਕਤੀਆਂ ਨੂੰ ਮਨੁੱਖੀ ਸੇਵਾ ਅਤੇ ਭਲਾਈ ਲਈ ਵਰਤਿਆ ਜਾ ਸਕੇ। ਇਸਦੇ ਨਾਲ-ਨਾਲ ਉਹ ਮਨੁੱਖ ਨੂੰ ਸਭਿਅਤਾ ਦੀ ਬੌਧਿਕ ਬੇਪਹਿਚਾਣਗੀ ਵਿਚੋਂ ਕੱਢ ਕੇ ਆਪਣੇ ਪ੍ਰਾਕਿਰਤਕ ਸੁਭਾਅ ਅਤੇ ਸਾਦਗੀ ਦੇ ਗੁਣਾਂ ਨੂੰ ਵੀ ਉਜਾਗਰ ਕਰਨਾ ਚਾਹੁੰਦਾ ਹੈ। ਸ਼ਾਇਰ ਮਨੁੱਖੀ ਗਿਆਨ ਨੂੰ ਉਹਨਾਂ ਪੜ੍ਹਾਵਾਂ ਤੱਕ ਲਿਜਾਣਾ ਚਾਹੁੰਦਾ ਹੈ ਜਿਥੇ ਉਹ :

ਜਲ ! ਪਹਿਚਾਣੇ
ਅਗਨ ! ਪਹਿਚਾਣੇ
ਗਗਨ ! ਪਹਿਚਾਣੇ
ਮਿੱਟੀ ਤੋਂ ਮਿੱਟੀ ਤਕ ਰੌਸ਼ਨ
ਜੀਵਨ ਦੀ
ਉਹ ਜੋਤ ਪਹਿਚਾਣੇ....। ਤੱਕ ਪਹੁੰਚੇ।

-0-

# ਭਾਗ ਪਹਿਲਾ

ਉਹ ਰੁੱਖ
ਆਪਣੀ ਕਵਿਤਾ ਵਿਚ ਬਣਾਉਂਦਾ ਹਾਂ
ਜਿਸ ਰੁੱਖ ਦਾ ਮੈਂ
ਪਹਿਲਾ ਪੱਤ ਕਹਾਉਂਦਾ ਹਾਂ
ਜਿਸ ਨੂੰ ਪੌਣ ਖਿਡਾਉਂਦੀ ਹੈ
ਰੁੱਖ ਵਿਚਲਾ
ਰੁੱਖ ਸਮਝਾਉਂਦੀ ਹੈ
ਰੁੱਖਾਂ ਨੂੰ।
ਰੁੱਖ ਦੀ ਮਿੱਠੀ ਲੋਰ ਸੁਣਾਉਂਦੀ ਹੈ
ਉਹ ਰੁੱਖ
ਆਪਣੀ ਕਵਿਤਾ ਵਿਚ ਬਣਾਉਂਦਾ ਹਾਂ
ਜਿਸ ਰੁੱਖ ਦਾ ਮੈਂ
ਪਹਿਲਾ ਪੱਤ ਕਹਾਉਂਦਾ ਹਾਂ

28

* ਗਗਨ-ਸਵੇਂਦਾ ਗਗਨ
* ਪੌਣ-ਵਸੇਂਦੀ-ਪੌਣ
* ਅਗਨ-ਵਸੇਂਦੀ-ਅਗਨ
* ਜਲ-ਵਸੇਂਦਾ-ਜਲ
* ਧਰਤ ਵਸੇਂਦੀ-ਧਰਤ

ਹਰ ਇਕ ਪੱਤ ਨੇ
ਆਪਣੇ ਪਿੱਠ 'ਤੇ
ਜੰਗਲਾਂ ਦੇ ਜੰਗਲ ਚੁੱਕੇ
ਵੰਡ, ਵੰਡ ਠੰਡੀਆਂ ਛਾਵਾਂ
ਜੀਅ, ਜੀਅ ਮੁਕੇ

# ਗਗਨ-ਵਸੇਂਦਾ-ਗਗਨ

ਆਪੇ
ਆਪਣੇ ਸਾਹੀਂ ਵੱਸੇ
ਦੇਹ ਤੋਂ
ਦੇਹ ਦੀ ਪਰਤ ਉਤਾਰ
ਸ਼ੀਸ਼ੇ ਤਕ
ਸ਼ੀਸ਼ੇ ਦਾ ਪੈਂਡਾ
ਬਿੰਦੂ
ਦਾਇਰੇ ਅਤੇ ਆਕਾਰ

## ਗਗਨ–ਵਸੇਂਦਾ–ਗਗਨ

ਗਗਨ ਵਸੇਂਦਾ ਗਗਨ
ਚਿੰਤਨ ਸਿਰਜਣਹਾਰ
ਆਪਣੇ ਆਪ 'ਚ ਅਪੜਣ ਤਕ ਦਾ
ਪਹਿਲਾ ਮੁੱਖ ਦੁਆਰ

ਇਸ ਦੀ ਬੁੱਕਲ ਦੇ ਵਿਚ ਖੇਡਣ
ਯੁੱਗ! ਸਮਾਂ! ਸੰਸਾਰ
ਇਸ ਦੇ ਨੈਣੀਂ ਕਰਨ ਬਸੇਰਾ
ਸਮਿਆਂ ਦੇ ਸਿਰਜਣਹਾਰ

ਪੁੱਛਣ!
ਇਸ ਨੂੰ ਰਾਹ ਦਿਸ਼ਾਵਾਂ
ਪੌਣਾਂ ਕਰਨ ਵਿਚਾਰ
ਵਸੇ ਬੱਦਲ਼ ਦੀ ਅੱਖ ਅੰਦਰ
ਅੱਗ ਦੀ ਬੁੱਕਲ ਮਾਰ

ਆਪੇ ਲੋਅ! ਆਪੇ ਬਾਤੀ
ਆਪੇ ਪਹਿਨਣ! ਆਪ ਉਤਾਰ
ਆਪੇ ਆਪਣਾ  ੳ! ਅ!!
ਆਪੇ ਹੀ ਆਪਣਾ ਵਿਸਥਾਰ
ਆਪੇ ਆਪਣੇ ਪਿੰਡੇ ਮੁਕਤੀ
ਆਪੇ ਆਪਣਾ ਸਿਰਜਣਹਾਰ

ਆਪੇ ਆਪਣੇ ਸਾਹੀਂ ਵਸੇ
ਦੇਹ ਤੋਂ ਦੇਹ ਦੀ ਪਰਤ ਉਤਾਰ
ਸ਼ੀਸ਼ੇ ਤਕ ਸ਼ੀਸ਼ੇ ਦਾ ਪੈਂਡਾ
ਬਿੰਦੂ ਦਾਇਰੇ ਅਤੇ ਆਕਾਰ
ਤੁਰ ਤੁਰ ਗਗਨ ਮਿੱਟੀ ਦੇ ਪਿੰਡੇ
ਧਰਤੀ ਦੇ ਨਕਸ਼ ਸੰਵਾਰੇ
ਮਾਨਵਤਾ ਦੇ ਸੁਫ਼ਨੀਂ ਵੱਸਦੇ
ਮੁੱਠੀਂ ਸਵਰਗ ਉਤਾਰੇ

ਧੜਕੇ ਸਾਹਾਂ ਵਾਂਗੂੰ ਚਿੰਤਨ
ਮਾਨਵਤਾ ਦੇ ਹਿਰਦੇ
ਮੁੜ੍ਹਕਾ ਜੰਮਦੇ ਚਿੰਤਨ ਮੱਥੇ
ਫੁੱਲ ਸਮੇਂ ਦੇ ਖਿੱੜਦੇ

ਪੁੱਤ ਨਿਰੋਏ ਰੁੱਖਾਂ ਵਰਗੇ
ਜਨ ਚਿੰਤਨ ਮੁਸਕਾਏ
ਤੁਰਦਾ ਗਿੱਠ ਗਿੱਠ ਉੱਚਾ ਹੋ ਕੇ
ਪੌਣਾਂ ਗੋਦ ਖਿਡਾਏ

ਤਪਦੀ ਧਰਤੀ ਉੱਤੇ ਵੰਡੇ
ਛਾਵਾਂ ਦੇ ਸਰਮਾਏ
ਆਪਣਾ ਆਪਾ
ਆਪ ਸੁਕਾ ਕੇ
ਬਣ ਬੱਦਲ ਵਰ੍ਹ ਜਾਏ

ਬਾਲ ਕੇ ਆਪਣਾ ਆਪਾ ਚਿੰਤਨ
ਸਮੇਂ ਦੀ ਦੇਹ ਰੁਸ਼ਨਾਏ
ਚਾਨਣ! ਆਪਣੇ ਹੀ ਚਾਨਣ ਵਿਚ
ਆਪਣਾ ਜਸ ਹੰਢਾਏ

ਆਪਣੀ ਕਿਰਤੀ-ਗਾਥਾ
ਸੂਰਜ ਤੀਕ ਸੁਣਾਏ
ਜੈ ਮਾਨਵ!
ਜੈ ਮਾਨਵਤਾ ਕਹਿ!!
ਹਿਰਦੇ ਧਰਤ ਧਿਆਏ

ਧਰਤੀ! ਧਰਤੀ!!
ਉਚਰੇ ਜੀਭਾ
ਚੋਅ ਚੋਅ ਮੁੜ੍ਹਕਾ ਦੇਵੇ ਤਾਲ
ਗਗਨ ਵਸੇਂਦਾ ਗਗਨ ਚੜ੍ਹਾਏ
ਸੂਰਜ ਚਿੰਤਨ ਬਾਲ

'ਜਾਗਦੇ ਰਹਿਣਾ'
ਗੂੰਜਣ ਬੋਲ ਰਾਤ ਦੇ ਪਿੰਡੇ
ਲਹੂ ਦੀ ਰਾਖੀ
ਚਿੰਤਨ ਪਹਿਰੇਦਾਰ
ਦ੍ਰਿਸ਼ਟੀ, ਹੱਦਾਂ, ਬੰਨੇ ਆਪੇ
ਲੀਕਾਂ, ਦਾਇਰੇ, ਅੰਦਰ, ਬਾਹਰ

ਪੌਣਾਂ ਪਿੰਡੇ ਗਗਨ ਉਲੀਕੇ
ਦੁਨੀਆਂ ਦਾ ਰੰਗ ਰੂਪ
ਬੀਤੇ ਸਮੇਂ ਚੋਂ ਧੋ-ਧੋ ਰੱਖੇ
ਭਵਿੱਖ ਦਾ ਰੂਪ ਸਰੂਪ

ਪੰਛੀਆਂ ਕੰਠੀਂ ਗੀਤ ਧਰੇ
ਪੱਤਰਾਂ ਮੁੱਖ ਜ਼ੁਬਾਨ
ਰੁੱਖਾਂ ਪੈਰੀਂ ਰਾਹ ਵਸਾਏ
ਪੌਣਾਂ ਤਲੀ ਤੂਫ਼ਾਨ

ਬੋਲ ਬੋਲ ਚੋਂ
ਚੜ੍ਹ ਚੜ੍ਹ ਆਵਣ
ਅਰਥਾਂ ਦੇ ਦਰਿਆ
ਜ਼ਰੇ ਜ਼ਰੇ ਦੇ ਵਿਚ ਚਾਨਣ
ਅੰਬਰਾਂ ਜਿੱਡੇ ਚਾਅ

ਆਪਣੀ ਰੱਤ ਛਿੜਕ, ਛਿੜਕ ਕੇ
ਫੁੱਲੀਂ ਰੰਗ ਭਰੇ
ਇਸਦੇ ਚਾਨਣ ਸਦਕਾ
ਅਗਨੀ!
ਜਲ ਦੀ ਅੱਖ ਤਰੇ

ਗਗਨ 'ਚ ਜਗਦਾ ਗਗਨ
ਬੀਜੇ, ਪੌਣ 'ਚ ਵਗਦੀ ਪੌਣ
ਪ੍ਰਸ਼ਨਾਂ 'ਚੋਂ ਪ੍ਰਸ਼ਨਾਂ ਵਰਗੇ
ਉੱਤਰ ਜੰਮਦੇ ਆਉਣ

ਬੀਜ ਗਿਆ ਧਰਤੀ ਦੀ ਕੁੱਖੇ
ਜ਼ਖ਼ਮਾਂ ਦੀਅ ਫ਼ਸਲਾਂ ਕੌਣ
ਰੁੱਸੀਆਂ ਰੁੱਖਾਂ ਨਾਲ ਬਹਾਰਾਂ
ਬੱਦਲਾਂ ਦੇ ਨਾਲ ਸਾਉਣ

ਸੀਵੇ ਧਰਤ ਦਾ ਚੀਰਿਆ ਪਿੰਡਾ
ਸਾਹਾਂ ਦੀ ਡੋਰੀ ਨਾਲ
ਜਨਮੇਂ ਹਰੀਆਂ ਭਰੀਆਂ ਰੁੱਤਾਂ
ਆਪਣਾ ਆਪ ਉਬਾਲ

ਆਪਣੇ ਲਹੂ ਚੋਂ ਜਨਮੇਂ ਚਿੰਤਨ
ਲਹੂ ਰੰਗਾ ਸੰਸਾਰ
ਜਲ ਦੀ ਭਾਸ਼ਾ ਵਿਚ ਰਚੇਂਦਾ
ਮਾਨਵ ਦਾ ਵਿਸਥਾਰ

'ਵਣ-ਗਰਭ ਦੀ ਪੀੜ ਹੰਢਾਏ
ਬਾਂਸੀਂ ਪੌਣ ਉਤਾਰ
ਸ਼ੀਸ਼ੇ ਦੀ ਦੁਨੀਆਂ ਚੋਂ ਲੰਘੇ
ਪੈਰੀਂ ਕੱਚ ਖਲਾਰ

ਸੱਚ ਹੀਂ ਸੱਚ ਕਹਾਏ ਚਿੰਤਨ
ਆਪਣਾ ਕੂੜ ਉਤਾਰ
ਸੱਚ ਦੀ ਦੇਹੀ ਸੱਚ ਦਾ ਵਾਸਾ
ਸੱਚ ਤੋਂ ਸੱਚ ਪਸਾਰ

ਜੰਗਲ ਚੋਂ ਸ਼ੀਸ਼ੇ ਦਾ ਉੱਗਣਾ
ਸ਼ੀਸ਼ੇ ਦਾ ਜੰਗਲ ਹੋ ਜਾਣਾ
ਆਪਣੇ ਲਹੂ ਨੂੰ ਮੂੰਹ 'ਤੇ ਮਲਕੇ
ਪੌਣ ਦਾ ਸੁੱਕਣਾ ਤੇ ਰੁਕ ਜਾਣਾ

ਲਹੂ-ਮਾਸ ਦੇ ਲੋਥੜਿਆਂ 'ਚ
ਲੋਹੇ ਦਾ ਜੰਗਲ ਉੱਗ ਆਉਣਾ
ਕੱਚ 'ਤੇ ਤੁਰਦੇ ਚਿੰਤਨ ਮੱਥੇ
ਆਦਮ ਚੋਂ ਆਦਮ ਮੁਕ ਜਾਣਾ

ਗਗਨ ਵਸੇਂਦਾ ਗਗਨ
ਹੈ ਆਪਣੇ ਵਿਚ ਚਿਰਾਗ਼
ਮੇਟੇ ਮਾਨਵਤਾ ਦੇ ਮੱਥਿਉਂ
ਕਾਲਖ਼ ਦਾ ਹਰ ਦਾਗ਼

ਬੀਜੇ ਹਰ ਮਾਨਵ ਦੇ ਹਿਰਦੇ
ਮਨੁੱਖਤਾ ਲਈ ਵੈਰਾਗ
ਵਸੇ ਲੋਕਾਂ ਦੇ ਦਿਲ ਅੰਦਰ
ਫੜ ਸਮਿਆਂ ਦੀ ਵਾਗ

ਗਿੜ! ਗਿੜ!
ਮਾਨਵ ਦੇ ਲਹੂ ਅੰਦਰ
ਸਿਰਜੇ ਨਵ-ਦਸਤੂਰ
ਬੀਜ ਕੇ ਅੰਬਰ ਧਰਤੀ ਵਿਹੜੇ
ਜਲ ਦੇ ਭਰੇ ਨਾਸੂਰ

ਤੁਰ ਤੁਰ ਗਗਨ
ਗਗਨ ਦੇ ਪਿੰਡੇ
ਅਪੜੇ ਧਰਤੀ ਕੋਲ
ਮਿੰਟੀ ਦੀ ਦੁਨੀਆਂ ਵਿਚ ਗੂੰਜਣ
ਮਿੱਟੀ ਦੇ ਹੀ ਬੋਲ

ਮਿੱਟੀ ਦੇ ਸੂਰਜ ਚੋਂ ਪ੍ਰਗਟ
ਮਿੱਟੀ ਦੀ ਸਵੇਰ
ਖ਼ੁਸ਼ਬੋਆਂ ਓੜ ਦੁਆਲੇ
ਸਿਰ 'ਤੇ ਰੱਖ ਚੰਗੇਰ

ਗਲੀਓ, ਗਲੀਏ ਤੁਰਦਾ ਆਵੇ
ਧਰਤੀ ਮਾਂ ਦਾ ਖ਼ਾਬ
ਕੋਠੇ ਚੜ੍ਹ ਚੜ੍ਹ ਕਿਰਨਾਂ ਤੱਕਣ
ਹਰ ਪੂਜਾ ਦਾ ਜਾਪ

ਲੋਕਾਂ ਵਿਹੜੇ ਤੁਰਕੇ ਆਇਆ
ਲੋਕਾਂ ਦਾ ਰੱਬ ਆਪ
ਮੁੜ੍ਹਕੇ ਦੀ ਗਲ ਪਹਿਣ ਕੇ ਮਾਲਾ
ਲੈ ਲੋਕਾਂ ਦਾ ਵਾਕ

-0-

## ਪੌਣ-ਵਸੇਂਦੀ-ਪੌਣ

ਛਿਲਕਾ, ਛਿਲਕਾ
ਲਾਹ ਦੇਹੀ ਤੋਂ
ਪੌਣ! ਪੌਣ ਨੂੰ ਅਪੜੀ
ਡਿਠੀ ਜੋਤ ਲਹੂ ਦੀ ਜਗਦੀ
ਹੋ ਕੇ ਖੱਖੜੀ ਖੱਖੜੀ
ਚੁਗਿਆ ਧਰਤ ਤੋਂ ਬੁੱਲਾ ਬੁੱਲਾ
ਸਿਰਜਿਆ ਆਪਣਾ ਆਪ
ਵਗੀ ਪੌਣ! ਪੌਣ ਦੇ ਪਿੰਡੇ
ਕਰ ਮਾਨਵਤਾ ਦਾ ਜਾਪ

## ਪੌਣ-ਵਸੇਂਦੀ-ਪੌਣ

ਮੰਜ਼ਲਾਂ ਵਿਚਲੀ ਮੰਜ਼ਲ
ਰਾਹਾਂ ਵਿਚਲਾ ਰਾਹ
ਪੌਣ ਵਸੇਂਦੀ ਪੌਣ
ਹੈ ਜੀਵਨ ਦਾ ਸਾਹ

ਬਾਲ ਕੇ ਬੁਝਦੇ ਦੀਵੇ
ਤਲੀਏ ਲਏ ਟਿਕਾਅ
ਤਰੇ ਹਵਾ ਦਾ ਪਿੰਡਾ
ਪੌਣ 'ਚ ਪੌਣ ਜਗਾ

ਖੋਲ੍ਹੇ ਆਪਣਾ ਅੰਦਰ
ਹਰ ਪੌਣ ਦੇ ਸਾਹਵੇਂ
ਅਸਲੀਅਤ ਮੁੱਠੀਂ ਫੜਦੀ
ਪੁਣ, ਪੁਣ ਕੇ ਪਰਛਾਵੇਂ

ਖਰਚੀ ਜਾਂਦੀ ਸਾਰੀ
ਕਈ ਵਾਰ ਮਨੁੱਖਤਾ ਖਾਤਿਰ
ਪੁਰਜ਼ਾ ਪੁਰਜ਼ਾ ਹੁੰਦੀ
ਲਹੂ ਦੀ ਸਾਂਝੀ ਚਾਦਰ

ਜਗਦੀ! ਹਵਾ ਦੇ ਪਿੰਡਿਉਂ
ਤੇ ਤੁਰਦੀ ਮੱਥੇ ਮੱਥੇ
ਮੰਜ਼ਲਾਂ ਨੂੰ ਦੱਸੇ ਰਾਹਾਂ
ਰਾਹਾਂ ਨੂੰ ਮੰਜ਼ਲਾਂ ਦੱਸੇ

ਆਪਣੇ ਅਰਥ 'ਚ ਰੰਗੀ
ਫਿਰੇ ਤਲੀਏ ਸੀਸ ਟਿਕਾ ਕੇ
ਕਦਮ ਕਦਮ 'ਤੇ ਲੰਘੇ
ਲਹੂ ਦੀ ਰੁੱਤ ਹੰਢਾ ਕੇ

ਤਲਵਾਰਾਂ ਦੀਆਂ ਛਾਵਾਂ ਗਾਹ ਕੇ
ਫੁੱਲਾਂ ਨੂੰ ਸੀਨੇ ਲਾ ਕੇ
ਇਹ ਪੌਣ! ਪੌਣਾਂ ਦੇ ਪਹਿਰੇ
ਹਵਾ 'ਚ ਦੀਪ ਜਗਾ ਕੇ

ਫੂਕੇ! ਪੱਥਰਾਂ ਅੰਦਰ ਰੂਹਾਂ
ਜੀਵਨ ਵਿਚ ਭਰਦੀ ਰੰਗ
ਆਪਣੀ ਖੱਲ ਲੁਹਾ ਕੇ
ਲੈਂਦੀ ਨੰਗੀ ਧਰਤੀ ਕੱਜ

ਦਿਸ਼ਾਵਾਂ ਦੇ ਮੂੰਹ ਫੇਰ ਫੇਰ ਕੇ
ਦੱਸਦੀ ਜੀਵਨ ਚੱਜ
ਮਾਨਵ ਦੀ ਕਰਨੀ ਪ੍ਰਕਰਮਾਂ
ਇਸ ਦੇ ਤੀਰਥ, ਹੱਜ

ਪੌਣ 'ਚ ਵਗਦੀ ਪੌਣ
ਦੇ ਪੈਰੀਂ ਜਗਦੀਆਂ ਅੱਖਾਂ
ਤਲੀਆਂ 'ਤੇ ਬਲਦੀਆਂ ਜੋਤਾਂ
ਰਾਹਾਂ ਵਿਚ ਸੂਰਜ ਲੱਖਾਂ

ਚਾਨਣ ਦੇ ਵਿਚ ਚਾਨਣ
ਚਾਨਣ! ਵਖਰਾ ਕੇ ਰੱਖੇ
ਸਿਰ ਤੋਂ ਪੈਰਾਂ ਤੀਕਣ
ਤੂੰ ਨੂੰ ਹੀ ਜਗਾ ਕੇ ਰੱਖੇ

ਮੈਂ ਤੋਂ ਮੈਂ ਤਕ ਕੌਣ
ਹੈ ਆਪੇ ਇਕ ਸਵਾਲ
ਹੈ ਆਪੇ ਇਕ ਜੁਆਬ

ਜੋ ਤਕਸੀਮਾਂ ਤਕ ਗੁਜ਼ਰੇ
ਜ਼ਰਬਾਂ ਹੋ ਹੋ ਜੀਵੇ
ਰੱਖ ! ਤੇਰੇ ਵਿਚ ਆਪਾ
ਜਲ ਹੋ ਕੇ ਅਗਨੀ ਪੀਵੇ

ਜਲ ਤਕ ਜਲ ਦਾ ਪਿੰਡਾ
ਬਹਿ ਅੱਗ ਦੀ ਅੱਖ 'ਚ ਸੀਵੇ
ਮਰ ਕੇ ! ਲੋਕਾਂ ਖਾਤਿਰ
ਲੋਕਾਂ ਦੇ ਲਈ ਜੀਵੇ

ਲਹੂ ਦੀ ਭਾਸ਼ਾ ਬੋਲੇ
ਜਲ ਸੰਗ ਅੱਗ ਨੂੰ ਤੋਲੇ
ਜਲ ਦੀ ਦੇਹ ਉਧੇੜੇ
ਅਗਨੀ ਦਾ ਤੇਜ਼ ਫਰੋਲੇ
ਸ਼ੋਰਾਂ ! ਵਿਚਲਾ ਮੌਨ
ਹੈ ! ਚੁੱਪ ਦੀ ਭਾਸ਼ਾ ਪੌਣ

ਮੌਸਮ ਦੇ ਪਹਿਲੇ ਪੱਤਰ
ਜਦ ਖਲਾਅ ਵਿਚ ਮੋਏ
ਰੁੱਖ ਪਿੰਡੇ ਵਸਦੀ ਪਤਝੜ ਦੇ
ਸੱਚ ਤੋਂ ਜਾਣੂ ਹੋਏ

ਲਿਖ ਗਏ ਆਪਣੀ ਗਾਥਾ
ਰੁੱਖ ਦੇ ਸਾਏ ਉੱਤੇ
ਨਾ ਵਗਦੀ ਪੌਣ ਪਛਾਣੀ
ਰਹੇ ਛਾਵਾਂ ਗਲ ਲਗ ਸੁੱਤੇ

ਪੱਤਰ! ਟਹਿਣੀ! ਰੁੱਖ!
ਦਾ
ਬੀਜ ਹੰਢਾਏ ਸਰੂਪ
ਪੌਣ ਵਸੇਂਦੀ ਪੌਣ
ਹੀ
ਅੱਗ ਤੇ ਜਲ ਦਾ ਰੂਪ

ਸਮਾਏ ਪੌਣ ਦੇ ਪਿੰਡੇ
ਦਿੱਸ-ਅਦਿੱਸ ਬ੍ਰਹਿਮੰਡ
ਇਕ ਸਵਾਸ ਦੇ ਪਿੰਡੇ
ਵਸਣ ਖੰਡ ਅਖੰਡ
ਲਹੂ ਦੇ ਪਿੰਡੇ ਲਾਲਗੀ
ਮਾਨਵ ਦੇਹ ਖ਼ੁਸ਼ਬੋਅ
ਹਵਾ ਨੇ ਕੀਤੀ, ਧਰਤੀ ਦੇਹੀ
ਆਪਣੇ ਲਹੂ ਦੀ ਲੋਅ

ਹਰ ਇਕ ਪੱਤਾ ਰੁੱਖੀਂ ਟੰਗਿਆ
ਆਪਣੇ ਲਹੂ 'ਚ ਧੋਅ
ਅੰਨ੍ਹੇ ਖੂਹੀਂ ਉਤਾਰੇ ਸੂਰਜ
ਪੌਣ-ਨਜ਼ਰ ਦੀ ਛੋਅ

ਤਰਦੇ ਜਲ ਦਾ ਪਿੰਡਾ ਪਰਬਤ
ਮੱਥੇ ਪੌਣ ਜਗਾ
ਥੰਮਿਆਂ ਪੌਣ ਨੇ ਅੰਬਰ ਤਲੀਏ
ਧਰਤੀ ਪੱਬ ਟਿੱਕਾ
ਭਰ ਸਿਲਾਈਆਂ ਹਰਿਆਵਲ ਦੀਆਂ
ਜੰਗਲ ਨੈਣੀਂ ਪਾ
ਬੀਜੇ ਚੰਨ, ਸਿਤਾਰੇ, ਸੂਰਜ
ਅੰਬਰ ਕਲੀ ਕਰਾ

ਬੀਜ ਖਲਾਅ 'ਚ ਰੁੱਖ ਚਾਨਣ ਦੇ
ਕੱਚ ਦੇ ਭਰਦੀ ਸਾਹ
ਜੰਗਲ 'ਚੋਂ ਸ਼ੀਸ਼ੇ ਦੀ ਦੁਨੀਆਂ
ਸ਼ੀਸ਼ੇ 'ਚੋਂ ਖਲਾਅ
ਮਾਨਵ ਹੀ ਹੈ ਮਾਨ ਤੀਕਣ
ਮਾਨਤਾ ਦਾ ਰਾਹ
ਜਿਸਦੇ ਮੱਥੇ ਪੌਣ ਵਸੇਂਦੀ
ਵਸਣ ਹੀਜਦਾ ਖ਼ੁਦਾ

ਪੌਣ ਜਗੇਂਦੀ ਪੌਣ ਦੇ
ਪਿੰਡੇ ਪਿੰਡੇ ਲੋਅ
ਮੁੜ੍ਹਕੋ ਮੁੜ੍ਹਕੀ ਹੋ ਕੇ
ਦੇਵੇ ਮੁੱਖ ਧਰਤੀ ਦਾ ਧੋ

ਧੋਵੇ ਮਲ ਮਲ ਹੱਥੀਂ
ਮੈਲਾ ਮੈਲਾ ਸਾਗਰ
ਸਾਗਰ ਪਿੰਡੇ ਚਾਨਣ
ਚਾਨਣ! ਦੇਹ ਦੀ ਗਾਗਰ

ਪੌਣ 'ਚ ਤੁਰਦੀ ਪੌਣ
ਸਿਰਜਕ, ਯੁਕਤੀ ਕਾਰ
ਬੁਣਕੇ ਯੁਗ ਯੁਗ ਮਾਨਵ
ਰਚਦੀ ਇਕ ਅਸਮਾਨ
ਜਿਸ ਦੀ ਛੱਤਰ 'ਚ ਧਰਤੀ ਵਿਹੜੇ
ਮਾਨਵਤਾ ਉੱਚ ਅਸਥਾਨ
ਜਿਸ ਦੀ ਅੱਖ 'ਚ
ਸਮੇਂ ਦਾ ਹਾਣੀ
ਹੈ ਅੱਜ ਦਾ ਇਨਸਾਨ

ਧਰਦੀ ਪੌਣ ਮਨੁੱਖ ਦੀ ਤਲੀਏ
ਮਾਨਵ ਦੀ ਪਹਿਚਾਣ
ਹਵਾ ਦੇ ਫੂਲੇ ਬੁੱਲੇ ਪਿੰਡੇ
ਗਰਕੇ ਕਈ ਤੂਫ਼ਾਨ

ਹਵਾ ਦੀ ਜੀਭਾ ਜਪੇ ਹਮੇਸ਼ਾਂ
ਇਨਸਾਨਾਂ 'ਚ ਇਨਸਾਨ
ਹਵਾ ਦੀ ਉਂਗਲੀ ਲਗ ਕੇ ਮਾਨਵ
ਆਪਣੀ ਕਰੇ ਪਹਿਚਾਣ

ਲਹੂ ਦੇ ਰੰਗ ਨੇ ਸੱਚ ਸਿਰਜਿਆ
ਹੈ ਮਾਨਵਤਾ ਈਮਾਨ
ਮਾਨਵ ਦੇ ਚੇਹਰੇ 'ਚੋਂ ਪਰਗਟ
ਚੇਹਰਿਆਂ ਦਾ ਭਗਵਾਨ
ਆਪਣੀ ਪੌਣ ਚੋਂ
ਜਦ ਵੀ ਪੌਣ ਨੇ
ਆਪਣਾ ਆਪਾ ਪੜ੍ਹਿਆ
ਤੱਕਿਆ ਮਥਿਉਂ ਸੂਰਜ ਉੱਗਦਾ
ਨੈਣੀਂ ਚੰਨ ਪ੍ਰਗਟਿਆ

ਛਿਲਕਾ ਛਿਲਕਾ ਲਾਹ ਦੇਹੀ ਤੋਂ
ਪੌਣ! ਪੌਣ ਨੂੰ ਅਪੜੀ
ਡਿੱਠੀ ਜੋਤ ਲਹੂ ਦੀ ਜਗਦੀ
ਹੋ ਕੇ ਖੱਖੜੀ ਖੱਖੜੀ

ਚੁਗਿਆ ਧਰਤ ਤੋਂ ਬੁੱਲਾ ਬੁੱਲਾ
ਸਿਰਜਿਆ ਆਪਣਾ ਆਪ
ਵਗੀ ਪੌਣ! ਪੌਣ ਦੇ ਪਿੰਡੇ
ਕਰ ਮਾਨਵਤਾ ਦਾ ਜਾਪ

-0-

## ਅਗਨ-ਵਸੇਂਦੀ-ਅਗਨ

ਅੱਗ ਤੋਂ
ਅਗਨ-ਤੇਜ਼ ਦਾ ਪੈਂਡਾ
ਅਗਨੀ ਜਦੋਂ ਮੁਕਾਇਆ
ਅੱਗ ਦੇ ਪਿੰਡਿਉਂ
ਜਲ, ਜਲ ਜਪਦਾ
ਸੂਰਜ!
ਮਿੱਟੀ ਦਾ ਚੜ੍ਹ ਆਇਆ

## ਅਗਨ-ਵਸੇਂਦੀ-ਅਗਨ

ਅਗਨ ਵਸੇਂਦੀ ਅਗਨ ਦੇ
ਪਿੰਡੇ ਜੋਤ ਜਗੇ
ਜਿਸਦੇ ਨਿੱਘ ਸਦਕਾ ਪ੍ਰਕਿਰਤੀ
ਆਪਣੇ ਨਕਸ਼ ਘੜੇ

ਬੀਜ 'ਚ ਤੁਰਦਾ ਥਲ ਛਾਵਾਂ ਦਾ
ਦੰਦੀਂ ਰੁੱਖ ਫੜੇ
ਸੂਰਜ ਲਾਹ ਕੇ ਆਪਣੇ ਵਸਤਰ
ਕਿਰਨਾਂ ਦੇ ਜਿਸਮ ਤਰੇ

ਅਗਨ ਡੀਕਦੀ
ਅਗਨ ਦੀ ਤਲੀਏ
ਰੁੱਖ ਸ਼ੀਸ਼ੇ ਦੇ ਉੱਗੇ
ਕੱਚ ਨੇ ਕੱਚ 'ਚ ਤੁਰਨਾ ਸਿੱਖਿਆ
ਜੰਗਲ 'ਚੋਂ ਜੰਗਲ ਮੁਕੇ

ਦੌੜੇ ਜਗਲ ਦੀ ਨਸ ਨਸ ਵਿਚ
ਸੁੱਚੇ ਕੱਚ ਦੀ ਰੱਤ
ਆਪਣੇ ਜਿਸਮ ਦੁਆਲੇ ਜੰਗਲ
ਸ਼ੀਸ਼ਾ ਲਿਆ ਹੈ ਕੱਤ

ਸ਼ੀਸ਼ੇ ਦੀ ਅੱਖ 'ਚੋਂ ਤੱਕੇ
ਜੰਗਲ ਛਾਵਾਂ ਦੇ ਥਲ

ਸਿੱਖਿਆ ਪਹਿਲੀ ਵਾਰੀ ਜੰਗਲ
ਕੱਚ ਤੋਂ ਹੱਸਣ ਦਾ ਵੱਲ

ਪਹਿਲਾਂ!
ਆਪਣੀ ਛਾਂ 'ਤੇ ਹੱਸਿਆ
ਫਿਰ ਧੁੱਪਾਂ ਨੂੰ ਰੋਇਆ
ਆਪਣੇ ਮੂੰਹ 'ਤੇ ਕੱਚ ਉਗਾਂਦਾ
ਪੱਤਰ ਪੱਤਰ ਹੋਇਆ

ਲੋਹੇ ਦੀਆਂ ਲੱਤਾਂ ਬਾਹਾਂ
ਲੋਹੇ ਦੀ ਦ੍ਰਿਸ਼ਟੀ
ਜੀਭਾ, ਬੋਲੀ, ਅਰਥ, ਸ਼ਬਦ
ਸਭ ਲੋਹੇ ਦੀ ਸ੍ਰਿਸ਼ਟੀ

ਭੁੱਲਿਆ ਕੱਚ ਦਾ ਰੂਪ ਵਟਾ ਕੇ
ਜੰਗਲ!! ਜੜ੍ਹ-ਸਿਮਰਤੀ
ਆਪਣੀ ਅੱਖ 'ਚ ਆਪ ਗੁਆਚੀ
ਜੰਗਲ ਦੀ ਪ੍ਰਕਿਰਤੀ

ਅੱਗਾਂ ਫੱਕਦੀ ਅਗਨ
ਪਿੰਡੇਰੇ ਸੂਰਜ-ਜੋਤ ਜਗੇ
ਜੋਤੋਂ ਜੋਤਾਂ ਹੜ੍ਹ ਚਾਨਣ ਦਾ
ਰਗ ਰਗ ਧਰਤ ਵੱਗੇ

ਹਰ ਇਕ ਚੇਹਰਾ ਆਪਣਾ ਚੇਹਰਾ
ਚੇਹਰਿਆਂ 'ਚੋਂ ਪੜ੍ਹੇ
ਚੇਹਰਿਆਂ ਦੇ ਵਗਦੇ ਸਾਗਰ ਵਿਚ
ਅੱਗ ਦੀ ਜੋਤ ਜਗੇ

ਚੇਹਰਿਆਂ ਵਿਚ ਤਕਸੀਮਿਆਂ ਮਾਨਵ
ਆਪਣੀ ਜਮ੍ਹਾਂ ਫੜੇ

ਸੱਚ ਮਨੁੱਖ ਦਾ ਤਲੀਏ ਧਰਕੇ
ਮਨਫ਼ੀ ਕੂੜ ਕਰੇ

ਮੋਟੇ ਖਿੱਚੀਆਂ ਲੀਕਾਂ ਲਹੂ 'ਚ
ਢਾਹ ਉਸਾਰੀਆਂ ਕੰਧਾਂ
ਮਾਨਵ ਨੂੰ ਪੁਸਤਕ ਨਾ ਸਮਝੇ
ਜੋ ਵੰਡੀ ਸਫਿਆਂ ਬੰਦਾਂ

ਅੱਗ ਤੋਂ
ਅਗਨ-ਤੇਜ਼ ਦਾ ਪੈਂਡਾ
ਅਗਨੀ ਜਦੋਂ ਮੁਕਾਇਆ
ਅੱਗ ਦੇ ਪਿੰਡਿਉਂ
ਜਲ ਜਲ ਜਪਦਾ
ਸੂਰਜ! ਮਿੱਟੀ ਦਾ ਚੜ੍ਹ ਆਇਆ

ਵਗੀ ਪੌਣ ਕੱਚ ਦੇ ਰੁੱਖਾਂ 'ਚੋਂ
ਅੱਗ-ਜਲ ਨੈਣੀਂ ਪਾ ਕੇ
ਭਰਕੇ ਮਿੱਟੀ ਆਪਣੀ ਮਾਂਗ 'ਚ
ਮੱਥੇ ਚੰਨ ਸਜਾ ਕੇ

ਪਹਿਨਿਆਂ ਚਾਨਣ ਆਪਣਾ ਪਿੰਡਾ
ਕੱਚੇ ਦੁੱਧੀਂ ਨਹਾ ਕੇ
ਜਗਿਆ ਮਾਨਵ ਮਿੱਟੀ ਪਿੰਡੇ
ਲਹੂ ਦੀ ਜੋਤ ਜਗਾ ਕੇ

ਤੁਰਿਆ ਚਾਨਣ, ਚਾਨਣ ਤੀਕਣ
ਕੁੱਛੜ ਰੱਬ ਉਠਾ ਕੇ
ਮਾਨਵ ਤੋਂ ਮਾਨਵ ਤੇ ਮੁਕਾ
ਪੈਂਡਾ ਸੱਚ ਦਾ ਜਾ ਕੇ

ਅਗਨੀ
ਆਪਣਾ ਤੇਜ਼ ਪਛਾਤਾ
ਜਲ ਬੁੱਲ੍ਹਾਂ ਨੂੰ ਲਾ ਕੇ
ਖਲਾਅ 'ਚ
ਹਵਾ ਦੇ ਸ਼ਹਿਰ ਉੱਗਾਏ
ਦੇਹ ਅੰਬਰ ਦੀ ਗਾਹ ਕੇ

ਬੀਜੇ
ਬੀਜ ਸੂਰਜ ਦੇ ਥਾਂ ਥਾਂ
ਧਰਤੀ ਦੇ ਅੰਗ ਵਾਹ ਕੇ
ਨਿਚੋੜੇ ਦੁਨੀਆਂ ਪਿੰਡਿਉਂ ਕਾਲਖ਼
ਧੋ ਲਹੂ 'ਚ, ਸੁੱਕਣੇ ਪਾ ਕੇ

ਅਗਨ ਜਿਉਂਦੀ ਅਗਨ
ਮੈਲ ਉਤਾਰੇ ਜਲ ਦੀ
ਬੀਜੇ ਸਾਗਰ ਪਿੰਡੇ ਅਗਨੀ
ਪਿਆਸ ਕੁਆਰੇ ਥਲ ਦੀ

ਬਾਲ, ਬਾਲ ਕੇ ਆਪਣਾ ਪਿੰਡਾ
ਧਰਤੀ ਨਿੱਘਿਆਂ ਕਰਦੀ
ਅੰਬਰ! ਸਰ ਕਰਦੇ ਖੰਭਾਂ ਵਿਚ
ਬਿਜਲੀ ਦੀ ਜੁੰਬਸ਼ ਭਰਦੀ

ਤਰ ਕੇ ਆਪਣੀ ਅੱਗ ਨੂੰ ਅਗਨੀ
ਸੂਰਜ ਦਾ ਸੂਰਜ ਫੜਦੀ
ਕਿਰਨਾਂ ਦੇ ਜਗਾ ਕੇ ਦੀਵੇ
ਪੌਣਾਂ ਦੀ ਸਿਰਾਂਦੀ ਧਰਤੀ

ਇਕ ਖ਼ੁਸ਼ਬੋ! ਥਲ ਦੇ ਪਿੰਡੇ
ਸਾਗਰ ਤਰ ਕੇ ਆ ਰਲਦੀ

ਬੱਦਲਾਂ ਨੂੰ ਸੁਨੇਹੇ ਘੱਲਦੀ
ਮਾਨਵ ਦੀਆਂ ਬਾਤਾਂ ਕਰਦੀ

ਥਲ ਦੀ ਤਿੜਕੀ ਜੀਭਾ ਉੱਤੇ
ਇਕ ਟੁਕ ਸਾਗਰ ਦਾ ਧਰਦੀ
ਘੁੱਟ ਭਰ ਚਾਨਣ ਦਾ ਦੇਹੀ 'ਚੋਂ
ਅੱਗ ਸਿਰ ਛਾਵਾਂ ਕਰਦੀ

ਉਤਰ ਜਲ ਦੇ ਪਿੰਡੇ
ਥਲ ਦਾ ਪਿੰਡਾ ਤਰਦੀ
ਆਪਣੇ ਤੇਜ਼ ਨਹਾ ਕੇ ਅਗਨੀ
ਨੂਰ ਨੂਰ ਹੋ ਵਗਦੀ

ਕਰਦੀ ਸੁੱਕਿਆਂ ਰੁੱਖਾਂ ਦੀਆਂ
ਹਰੀਆਂ ਲੱਤਾਂ ਬਾਹਵਾਂ
ਲਿਖਦੀ ਪੱਤੇ ਪੱਤੇ ਉੱਤੇ
ਵਣ-ਜੜ੍ਹ ਦਾ ਸਿਰਨਾਵਾਂ

ਬਲਦੀ! ਵਾਂਗ ਮਿਸ਼ਾਲਾਂ
ਧਰ ਧਰ ਰੁੱਖਾਂ ਪੈਰੀਂ ਰਾਹਾਂ
ਆਪਣੇ ਤੇਜ਼ 'ਚ ਧੋ ਧੋ ਰੱਖਦੀ
ਕਾਲੀਆਂ ਧੁੱਪਾਂ ਛਾਵਾਂ

ਵਗਦੀ!
ਜੰਗਲ ਦੇ ਲਹੂ ਅੰਦਰ
ਕੱਚ ਦੀ ਧਾਰਾ ਬਣ ਕੇ
ਰੋਂਦੀ ਗਲ ਜੰਗਲ ਨੂੰ ਲਾ ਕੇ
ਦਿਲ ਕੱਚ ਦੇ ਸੀਨੇ ਧਰ ਕੇ

ਅਪੜੇ! ਆਪਣੇ ਸੰਚ ਨੂੰ ਅਗਨੀ.
ਪੋਟਾ ਪੋਟਾ ਠਰ ਕੇ

ਅੱਗੋਂ ਤੇਜ਼ ਕਹਾਏ ਅਗਨੀ
ਆਪਣੀ ਅੱਗ ਨੂੰ ਤਰ ਕੇ

ਭਰੇ ਸੁਗੰਧੀਆਂ ਧਰਤੀ ਪਿੰਡੇ
ਜਲ ਤਰੌਂਕੇ ਕਰਕੇ
ਸ਼ਾਗਰ ਦੇ ਵਿਚ ਸੂਰਜ ਬੀਜੇ
ਮੁੱਠੀਂ ਅੰਬਰ ਫੜ ਕੇ

ਲਿਖਦੀ ਸੰਗ ਚਾਨਣ ਦੇ ਅਗਨੀ
ਮਨੁੱਖਤਾ ਦਾ ਇਤਿਹਾਸ
ਹੱਥ ਵਿਚ ਲੈ ਕੇ ਚੰਨ ਦੀ ਕਾਨੀ
ਬਹਾ ਕੇ ਸੂਰਜ ਪਾਸ

ਅੱਖਰ! ਅੱਖਰ!
ਮਾਨਵ! ਮਾਨਵ!
ਪੰਨੇ ਧਰਤ ਅਕਾਸ਼
ਆਪਣੇ ਤੇਜ਼ 'ਚੋਂ ਸਿਰਜੇ ਅਗਨੀਂ
ਆਉਣ ਵਾਲਾ ਸੰਸਾਰ

-0-

## ਜਲ-ਵਸੇਂਦਾ-ਜਲ

ਜਲ ਨੇ!
ਜਲ ਨੂੰ ਜਦ ਵੀ ਤਰਿਆ
ਜਲ 'ਚੋਂ!
ਜਲ ਦਾ ਪਿੰਡਾ ਫੜਿਆ
ਉੱਗਾ!
ਨੈਣੀ ਸੱਚ ਸਾਗਰ ਦਾ
ਰਲਿਆ ਜਲ ਸੰਗ
ਜਲ ਗਾਗਰ ਦਾ

## ਜਲ-ਵਸੇਂਦਾ-ਜਲ

ਕਤਰਾ ਕਤਰਾ ਜਲ ਚੋਂ
ਸਾਗਰ ਪੁੰਗਰ ਆਏ
ਜਲ ਵਿਚ ਜਲ ਖਲੋ ਕੇ
ਜਲ ਦਾ ਜਲ ਹੰਢਾਵੇ

ਬੂੰਦ ਬੂੰਦ ਦੀ ਆਪਣੀ ਦੁਨੀਆਂ
ਆਪਣਾ ਆਪਣਾ ਚੇਹਰਾ
ਸਾਗਰ ਪਿੰਡੇ ਬੂੰਦਾਂ ਵੱਸਣ
ਬੂੰਦੀਂ ਅਗਨ ਵਸੇਰਾ

ਜਲ ਨੇ ਜਲ ਨੂੰ
ਜਦ ਵੀ ਤਰਿਆ
ਜਲ 'ਚੋਂ
ਜਲ ਦਾ ਪਿੰਡਾ ਫੜਿਆ
ਉੱਗਾ ਨੈਣੀਂ
ਸੱਚ ਸਾਗਰ ਦਾ
ਰਲਿਆ ਜਲ ਸੰਗ
ਜਲ ਗਾਗਰ ਦਾ

ਵਗੀਆਂ!
ਇਕ ਇਕ ਬੂੰਦ ਦੇ ਪਿੰਡੇ
ਗਤੀਆਂ ਬੀਜ ਹਵਾਵਾਂ

ਪਾ ਕੇ ਨੈਣੀਂ
ਲਿਖ ਕੇ ਮੱਥੇ
ਸਾਗਰ ਦਾ ਸਿਰਨਾਵਾਂ

ਉੱਗੀਆਂ!
ਪੱਥਰਾਂ ਪਿੰਡਿਉਂ ਜੀਭਾਂ
ਮੱਥਿਉਂ 'ਤੇ ਅੱਖਾਂ ਲਾ ਕੇ
ਬੰਨ ਕੇ ਸਾਗਰ ਲੱਕ ਦੁਆਲੇ
ਜੀਭੀਂ ਧਰਤ ਉਠਾ ਕੇ

ਤੁਰਿਆ!
ਇਕ ਇਕ ਰੁੱਖ ਜੰਗਲ ਦਾ
ਹਰਿਆਵਲ ਨੈਣੀਂ ਪਾ ਕੇ
ਪ੍ਰਵਾਜ਼ ਭਰੇਂਦੇ ਪੰਖ ਪੰਖੇਰੂ
ਧਰਤੀ ਕੰਠ ਧਿਆ ਕੇ

ਗੂੰਜਣ!
ਜਲ ਦੇ ਬੋਲ ਗਗਨ ਵਿਚ
ਮੱਥੇ ਜਲ ਜਗਾ ਕੇ
ਚੱਲੇ ਪੌਣ ਤੇਰੇ ਤੋਂ ਤੇਰੀ
ਮੈਂ! ਨੂੰ ਸੁਕਣੇ ਪਾ ਕੇ

ਕੇਰੇ ਲਹੂ ਦੇ ਅੱਥਰੂ ਧਰਤੀ
ਅੰਬਰ ਨੂੰ ਗਲ ਲਾ ਕੇ
ਜਲ ਨੇ ਜਲ 'ਚ ਤੁਰਨਾ ਸਿੱਖਿਆ
ਜਲ 'ਚੋਂ ਜਲ ਵਖਰਾਕੇ

ਜਲ ਨੇ ਆਪਣਾ ਤੇਜ਼ ਪਛਾਤਾ
ਅੱਗ ਨੂੰ ਦੰਦੀਂ ਲਾ ਕੇ
ਬਦਲੀਆਂ ਰੁੱਤਾਂ!
ਬਦਲੇ ਮੌਸਮ!

ਜਲ ਵਿਚ ਜਲ ਵਸਾ ਕੇ
ਪਹਿਲੀ ਵਾਰੀ
ਧਰਤੀ ਤੱਕਿਆ
ਅੰਬਰ ਨੈਣੀਂ ਪਾ ਕੇ
ਖ਼ੁਸ਼ਬੋਆਂ ਵੰਡਦੀ
ਸਾਹ ਨਾ ਲੈਂਦੀ
ਮੱਥੇ ਚੰਨ ਲਟਕਾ ਕੇ

ਜ਼ਲ 'ਚ ਵਸਦਾ ਜਲ
ਜਲ ਦੀ ਪਿਆਸ ਬੁਝਾਏ
ਧੋ ਧੋ ਜਲ ਨੂੰ ਆਪਣੇ ਜਲ 'ਚ
ਸੁੱਚਾ ਹੁੰਦਾ ਜਾਏ

ਸਿਰਜੇ ਜਲ
ਜਲ ਤੋਂ ਜਲ ਤੱਕ
ਆਪਣਾ ਆਪ ਮੁਕਾਮ
ਬੂੰਦ ਬੂੰਦ 'ਚ ਜਲ ਦਾ ਚਾਨਣ
ਸਾਗਰ ਜਿਸ ਦਾ ਨਾਮ

ਜਲ ਦੇ ਪਿੰਡੇ ਤੁਰਦੇ ਜਲ ਨੇ
ਜਲ ਦੇ ਅਰਥ ਉਗਾਏ
ਸੁਰਤੀ... ... ...
ਸੁਰਤੀ... ... ...
ਜਪਦਾ... ... ...
ਜਪਦਾ... ... ...

ਅੱਗ ਸੀਨੇ ਉਤਰ ਜਾਏ
ਆਪਣੀ ਪਿਆਸ ਜਗਾਏ
ਜਲ ਚਾਨਣ ਹੋ ਜਾਏ
ਅੱਗ ਦਾ ਤੇਜ਼ ਕਹਾਏ

ਜਲ 'ਚ ਭਿੱਜਾ ਜਲ
ਉਧੇੜੇ ਆਪਣਾ ਆਪ
ਆਪਣਾ ਅੱਗਾ ਆਪ ਸਵਾਰੇ
ਧੋ ਧੋ ਬੀਤੇ ਨਾਲ
ਆਪਣੇ ਜਲ ਨੂੰ ਦਿੰਦਾ ਜਾਏ
ਸੁੰਦਰਤਾ ਦਾ ਰੂਪ
ਬਿੰਦੂ ਤੋਂ ਦਾਇਰੇ ਤਕ ਫੈਲੇ
ਜਲ ਦਾ ਜਲ ਸਰੂਪ

ਉੱਚਾ! ਉੱਚਾ!!
ਸੁੱਚਾ! ਸੁੱਚਾ!!
ਜਲ ਸੰਗ ਜਲ ਦਾ ਮੋਹ
ਸਾਗਰ!
ਸਾਗਰ!
ਕਤਰਾ ਕਤਰਾ!!
ਰਲਿਆ ਇਸ ਵਿਚ ਜੋ

ਸ਼ੀਸ਼ੇ ਵਰਗਾ ਜਲ ਦਾ ਪਿੰਡਾ
ਅੰਦਰ ਬਾਹਰ ਲੋਅ
ਸੱਚ ਦੇ ਸੂਰਜ ਲੱਟ ਲੱਟ ਬਲਦੇ
ਜਲ ਵਿਚ ਜਲ ਨੂੰ ਧੋਅ

ਸਮਾਂ!
ਉਲੀਕੇ ਨਕਸ਼ ਭਵਿੱਖ ਦੇ
ਜਲ ਵਿਚ ਜਲ ਡੁਬੋ
ਰੋਮ, ਰੋਮ ਚੋਂ ਚਾਨਣ ਝਰਦਾ
ਜਲ ਵਿਚ ਜਲ ਪਰੋ

ਅਮਨ!
ਦੇ ਚਸ਼ਮੇ ਫੁੱਟਣ ਅੰਦਰੋਂ
ਜਲ ਸੰਗ ਜਲ ਦਾ ਹੋ

ਅੱਗ ਦੇ ਸੀਨੇ ਚੰਨ ਉਤਾਰੇ
ਜਲ ਦੀ ਠੰਡੀ ਲੋਅ

ਬਦਲੇ !
ਸੋਚਣ ਢੰਗ ਮਿੱਟੀ ਦਾ
ਜਲ ਵਿਚ ਜਲ ਖਲੋਅ
ਧਰਤੀ ਵਾਲੀਂ ਟੁੰਗਿਆ ਸਰਘੀ
ਫੁੱਲ ਸੂਰਜ ਦਾ ਧੋਅ

ਧਰ ਕੇ ਤਲੀਏਂ ਚੰਨ ਸਿਤਾਰੇ
ਧਰਤੀ ਬੂਹੇ ! ਅੰਬਰ ਢੁੱਕਾ ਹੋ
ਜਲ 'ਚ ਤੁਰਦੇ ਤੁਰਦੇ ਜਲ ਦੀ
ਚਾਰ ਚੁਫੇਰੇ ਲੋਅ

ਜਲ 'ਚ ਤੁਰਦਾ ਜਲ
ਹੈ ਜੀਵਨ ਦਾ ਅੱਜ-ਕੱਲ੍ਹ
ਕੂਚੇ ਅੰਦਰ ਬਾਹਰ ਗਗਨ ਦਾ
ਮੈਲੇ ਮੇਲੈ ਅੰਗ.
ਲਿਸ਼ਕੋਰ ਭਰੇ ਭਰਤੀ ਦੇ ਪਿੰਡੇ
ਪੈਰੀਂ ਉੱਦਮ-ਤਰੰਗ

ਜਲ ਵਿਚ ਵਗਦਾ ਜਲ
ਸਿੰਜੇ ਜੀਵਨ ਦਾ ਪਲ ਪਲ
ਕੰਢਿਆਂ ਦਾ ਅਭਿਆਸੀ ਦੱਸੇ
ਰਸ ਦਾ ਛਿੱਲੜੇ ਰਹਿਣਾ
ਪੀੜ ਪਰਾਈ ਆਪ ਹੰਢਾਉਣੀ
ਜਲ ਦਾ ਜਲ ਡੁੱਲ੍ਹ ਪੈਣਾ

ਸਿਰਜਣੇ !
ਨਿੱਤ ਨਵੇਂ ਸਵੇਰੇ
ਵਗਣਾ ਚੁੱਪ ਦੀ ਚਾਲੇ

ਪੈਰ ਪੈਰ 'ਤੇ ਅਰਥ ਬੀਜਨੇ
ਆਪਣਾ ਸ਼ੋਰ ਚਬਾ ਕੇ

ਜਲ ਤੋਂ ਜਲ ਤਕ
ਮੁੜ ਮੁੜ ਵਗਣਾ
ਜਲ ਦਾ ਜਲ ਉਠਾਕੇ
ਧਰਨੀ ਹਰਿਆਲ ਧਰਤੀ ਤਲੀਏ
ਪੀਣੀ ਅੱਗ ਡੀਕਾਂ ਲਾ ਕੇ

ਭਰਨੇ ਰੰਗ ਜੀਵਨ ਦੀ ਚਾਲੇ
ਚੁੱਗ ਕੰਡੇ, ਫੁੱਲ ਉਗਾ ਕੇ
ਖਾਣੀ ਅੱਗ ਤੇ ਜਲ ਜਨਮਣਾ
ਜਲ ਸੰਗ ਜਲ ਜਗਾ ਕੇ

ਵਗਣਾ!
ਪੱਥਰਾਂ ਦੇ ਪੈਰਾਂ 'ਚੋਂ
ਜਲ ਸੰਗ ਦੇਹ ਰੁਸ਼ਨਾ ਕੇ
ਚੁੰਮੇ ਪੈਰ ਰੇਤ ਦਾ ਸਾਗਰ
ਧਰਤੀ ਮੱਥੇ ਲਾ ਕੇ

ਤੁਰਦਾ!
ਧਰਤੀ ਦੇ ਹਿੱਸੇ ਦਾ
ਸਾਗਰ ਜਲ ਉਠਾ ਕੇ
ਵਸੇ ਧਰਤੀ ਪੈਰੀਂ ਸਾਗਰ
ਹਿਰਦੇ ਗਗਨ ਵਸਾ ਕੇ
ਨਿੱਤ ਪਰਕਰਮਾ ਕਰੇ ਧਰਤ ਦੀ
ਜਲ ਦੀ ਜੋਤ ਜਗਾ ਕੇ

-0-

## ਧਰਤ-ਵਸੇਂਦੀ-ਧਰਤ

ਧਰਤ ਵਸੇਂਦੀ ਧਰਤੀ ਦਿੱਤੀ
ਅੱਖ 'ਚ ਧਰਤ ਉਬਾਲ
ਅੱਖਾਂ ਖੋਲ੍ਹਦੇ ਮੌਸਮ ਕੰਠੀਂ
ਪਿਘਲਿਆ ਲੋਹਾ ਉਤਾਰ
ਸਮੇਂ।
ਦੇ ਫੇੜ੍ਹੜਿਆਂ 'ਚੋਂ ਲੰਘੀ
ਅਗਨੀ ਪਿੰਡਾ ਠਾਰ
ਗਰਭ-ਜਿਉਂਦੇ ਬੋਟਾਂ ਨੇ ਸਹੇ
ਉਸਤਰਿਆਂ ਦੇ ਵਾਰ

## ਧਰਤ-ਵਸੇਂਦੀ-ਧਰਤ

ਪੜ੍ਹਦੀ ਧਰਤੀ ਆਪਣਾ ਚੇਹਰਾ
ਡਾਹ ਸਾਵੇਂ ਆਪਣਾ ਆਪ
ਇਕ ਅੱਖ ਧਰਤੀ ਵਰਦਾ ਹੰਝੂ
ਦੂਜੀ ਅੱਖ ਸਰਾਪ

ਧਰਤੀ ਵੇਹੜੇ
ਲੋਹੇ ਦੇ ਰੁੱਖਾਂ ਦੀਆਂ ਛਾਵਾਂ
ਪੱਤਰੀ ਅੱਗ ਦਾ ਜਾਪ
ਲੋਹੇ ਦੀ ਸਰਘੀ ਦੇ ਪੰਛੀ
ਲੈਂਦੇ ਮੌਤ ਦਾ ਵਾਕ

ਚੀਰੀ ਚੀਰੀ ਨਜ਼ਰ ਧਰਤ ਦੀ
ਪੁਰਜ਼ਾ ਪੁਰਜ਼ਾ ਦੇਹ
ਆਪਣੇ ਚੇਹਰੇ 'ਤੇ ਉੱਗ ਆਇਆ
ਆਪਣਾ ਆਪੇ ਥੇਹ

ਮੱਥੇ ਦੇ ਵਿਚ ਵਗਦੀ ਨਦੀ 'ਚ
ਨਦੀ ਲਹੂ ਦੀ ਸੁੱਕੀ
ਫਿਰਦੀ ਲੋਹੇ ਦੀ ਨਗਰੀ ਵਿਚ
ਆਪਣਾ ਮੁਰਦਾ ਚੁੱਕੀ

ਲੋਹੇ ਦੀ ਨਗਰੀ ਵਿਚ ਵਗਣ
ਫਲ ਲੋਹੇ ਦੀਆਂ ਪੌਣਾਂ

ਸੰਗ-ਨਿਚੋੜਣ!
ਲੋਹਾ ਚੱਬਦੀ ਮਿੱਟੀ ਨੈਣੀਂ
ਅੱਥਰੂਆਂ ਦਾ ਆਉਣਾ

ਧਰਤ ਵਸੇਂਦੀ ਧਰਤੀ ਬੀਜੇ
ਧਰਤੀ ਕੁੱਖ ਹਥਿਆਰ
ਹਰੀਆਂ ਭਰੀਆਂ ਰੁੱਤਾਂ ਸੀਨੇ
ਦਿਤੀ ਅੱਗ ਉਤਾਰ

ਰੰਗਿਆ!
ਧਰਤੀ ਦਾ ਅੰਗ ਅੰਗ
ਛਾਵਾਂ ਦੇ ਲਹੂ ਨਾਲ
ਦੁੱਧ ਸੰਗ ਭਰੀਆਂ ਛਾਤੜੀਆਂ 'ਤੇ
ਕੀਤੇ ਸੀਤ ਅੰਗਾਰ

ਪੱਤੇ ਪੱਤੇ ਦੀ ਖ਼ਾਕ ਚੋਂ ਢੂੰਡੇ
ਆਪਣਾ ਪਤਾ ਬਹਾਰ
ਖ਼ਾਕ ਹੋਏ ਗੁਲਸ਼ਨ ਦੀ ਰਾਖੀ
ਪਤਝੜ ਪਹਿਰੇਦਾਰ

ਧਰਤ ਹੰਢਾਉਂਦੀ ਧਰਤੀ ਦਿੱਤੀ
ਅੱਖ 'ਚ ਧਰਤ ਉਬਾਲ
ਅੱਖਾਂ ਖੋਲਦੇ ਮੌਸਮ ਕੰਠੀਂ
ਪਿਘਲਿਆ ਲੋਹਾ ਉਤਾਰ

ਸਮੇ ਦੇ ਫੇਫੜਿਆਂ ਚੋਂ ਲੰਘੀ
ਅਗਨੀ ਪਿੰਡਾ ਠਾਰ
ਗਰਭ-ਜਿਉਂਦੇ ਬੋਟਾਂ ਨੇ ਸਹੇ
ਉਸਤਰਿਆਂ ਦੇ ਵਾਰ

ਪ੍ਰਾਣਾਂ ਦੇ ਪੰਖ ਪੰਖੇਰੂ
ਨਾ ਉੱਡੇ ਨਾ ਮੋਏ
ਆਪਣੀ ਚਰਬੀ ਮਿਧਦੀ ਧਰਤੀ
ਰੱਜੀ ਮੌਤ ਨੂੰ ਰੋਏ

ਧਰਤ ਜਿਉਂਦੀ ਧਰਤ ਉੱਗਾਏ
ਜੰਗਲੋਂ ਕੱਚ ਦੇ ਸ਼ਹਿਰ
ਤਾਂਬੇ ਵਰਗੀਆਂ ਸੜਕਾਂ ਉੱਤੇ
ਸੋਨੇ ਜਿਹੀ ਦੁਪਹਿਰ

ਕੰਪਿਊਟਰ!
ਬਿਜਲਈ-ਸੂਰਜ!!
ਅੰਬਰ ਮੱਥੇ ਟੰਗਿਆ
ਠਰਦਾ ਠਰਦਾ ਧਰਤ ਦਾ ਪਿੰਡਾ
ਨਿੱਘੀਂ ਧੋ ਧੋ ਰੱਖਿਆ

ਧਰਤੀ ਪਿੰਡੇ ਤੁਰਦੀ ਧਰਤੀ
ਚਾਨਣ ਦੇ ਰੁੱਖ ਉੱਗਾਏ
ਚਿੰਤਨ ਪੀਂਦੇ ਚਿੰਤਨ ਜੰਮਦੇ
ਚਾਨਣ ਦੇ ਤਿਰਹਾਏ

ਚਿੰਤਨ ਦੇ ਵਿਚ ਤੁਰਦੇ ਚਿੰਤਨ
ਸੂਰਜ ਅਰਥਾਂ ਦੇ ਉੱਗਾਏ
ਜਲ ਚੋਂ ਜਲ ਦੀ ਦੁਨੀਆਂ ਭਾਲੀ
ਖਲਾਅ 'ਚ ਸ਼ਹਿਰ ਵਸਾਏ

ਧਰਤੀਉਂ ਰੌਸ਼ਨ ਧਰਤੀ ਕੀਤੀ
ਧਰਤੀ ਪਿੰਡੇ ਲੋਅ
ਨਾ ਇਹ ਧਰਤੀ ਟੁਕੜਾ ਟੁਕੜਾ
ਨਾ ਮਾਨਵਤਾ ਦੋ

ਮਾਨਵ ਪਿੰਡੇ ਸਾਂਝ ਲਹੂ ਦੀ
ਧਰਤੀ ਦੇਹ ਖ਼ੁਸ਼ਬੋ
ਇਕ ਤੋਂ ਤੁਰ ਕੇ
ਇਕ 'ਤੇ ਮੁਕਦੀ
ਲਹੂ-ਮਹਿਕ ਦੀ ਲੋਅ

ਧਰਤੀ ਜੋ ਧਰਤੀ ਵਿਚ ਜੀਵੇ
ਥੀਵਾਂ ਉਸ ਕੁਰਬਾਨ
ਉਸ ਧਰਤੀ ਨੂੰ ਹੈ ਧਰਤੀ ਚੋਂ
ਅੰਬਰ ਦੀ ਪਹਿਚਾਣ

ਉਹ ਧਰਤੀ
ਧਰਤੀ ਲਈ ਜੀਵੇ
ਧਰਤੀ ਸੰਗ ਨਿਰਬਾਹ
ਉਸ ਧਰਤੀ ਦੇ ਤਨ 'ਚ ਦੌੜਣ
ਧਰਤੀ ਦੇ ਹੀ ਸਾਹ

ਬੀਜੇ ਰੁੱਖਾਂ ਪਿੰਡੇ ਧਰਤੀ
ਰੁੱਖਾਂ ਦਾ ਅਸਮਾਨ
ਹਰ ਪੱਤੇ ਦੇ ਮੱਥੇ 'ਤੇ
ਭੋਂਇ ਦਾ ਜਗੇ ਨਿਸ਼ਾਨ

ਧਰਤੀ ਦੇ ਰੰਗ ਰੱਤੀ ਧਰਤੀ
ਖ਼ੁਦ ਦੀ ਸਿਰਜਣਹਾਰ
ਲਿੰਬਦੀ ਅੰਬਰ
ਸੰਗ ਚਾਨਣ ਦੇ
ਲਹੂ ਚੋਂ ਸੂਰਜ ਚਾੜ੍ਹ

ਧਰਤੀ!
ਧਰਤੀ ਦਾ ਖ਼ੁਦ ਦਰਪਣ

ਆਪੇ! ਸਿਰ!! ਤਲਵਾਰ!!!
ਸਿਰਜਣ ਤੋਂ ਸਿਰਜਣ ਦਾ ਪੈਂਡਾ
ਸ਼ਬਦੋਂ ਅਰਥ ਵਿਚਾਰ

ਧਰਤੀ ਪਿੰਡੇ ਜਗਦੀ ਧਰਤੀ
ਉਪਜਣ, ਬਿਨਸਨ ਆਪ
ਇਕ ਅੱਖ ਧਰਤੀ ਵਰ ਦਾ ਹੰਝੂ
ਦੂਜੀ ਅੱਖ ਸਰਾਪ

ਧਰਤੀ!
ਧਰਤੀ ਦੇ ਪਿੰਡੇ ਚੋਂ
ਆਪਣੀ ਹੋਂਦ ਪਛਾਣੇ
ਪਾਟੀਆਂ ਅੱਖਾਂ ਦੀ ਦੁਨੀਆਂ ਵਿਚ
ਅੱਗਾ ਢਕਣਾ ਜਾਣੇ

ਸੰਭਲੇ!
ਚਿਹਰਾ ਤਿੜਕਣੋਂ ਪਹਿਲਾਂ
ਹਵਾ ਦਾ ਰੁਖ਼ ਸਿਆਣੇ
ਚੜ੍ਹ ਆਏ
ਜੋ ਸਿਰ ਤੇ ਬੱਦਲ
ਅੱਜ-ਕੱਲ੍ਹ
ਉਹ ਵਰ ਜਾਣੇ

ਸੁੱਤੇ ਰੁੱਖ
ਹਰਿਆਉਲ ਦੀ ਨੀਂਦਰ
ਪੌਣਾਂ ਰੱਖ ਸਿਰਹਾਣੇ
ਕਿਰਿਆ ਸਮਾਂ ਮੁੱਠਾਂ ਚੋਂ ਬੋਲੇ
ਧਰਤੀ ਦੂਰ ਟਿਕਾਣੇ
ਤੁਰਦਿਆਂ ਰੁੱਖਾਂ ਮੰਜ਼ਲ ਪਾਈ
ਰੁਕ ਗਏ ਜੋ ਮਰ ਜਾਣੇ

ਛੱਡ ਕੇ ਜੰਗਲ ਉੱਡੇ ਪੰਛੀ
ਵਿਰੋਧੀ ਪੌਣਾਂ ਵੱਲ
ਚੀਰ ਚੀਰ ਪੌਣਾਂ ਦਾ ਪਿੰਡਾ
ਪਰਖਣ ਆਪਣਾ ਬਲ

ਮਿਥਦੇ!
ਹੱਦਾਂ ਬੰਨੇ ਆਪਣੇ
ਦਮ ਖੰਭਾਂ ਵਿਚ ਭਰ
ਉੱਡਣਾ ਜੰਗਲ ਤੋਂ ਜੰਗਲ ਤਕ
ਕਰਨਾ ਸਾਗਰ ਸਰ

ਬੋਟ 'ਚ ਭਿੱਜੇ ਦਾਣੇ ਉੱਡੇ
ਸੋਚ 'ਚ ਧਰਤੀ, ਜਲ
ਜਾਗ ਪਏਗਾ
ਪਰਤਣ ਤੀਕਣ
ਜੰਗਲ! ਜੋ ਸੁੱਤਾ ਅੱਜ

-0-

# ਭਾਗ ਦੂਜਾ

ਵਗੇ ਪੌਣ ਰੁੱਖਾਂ ਦੇ ਸਿਰ ਤੋਂ
ਦੱਸੇ ਆਪਣਾ ਆਪ
ਵਰਸੇ ਜਲ ਅਗਨ ਦੇ ਪਿੰਡੇ
ਧਰਤੀ ਲੈਂਦੀ ਵਾਕ
ਸਮੇਂ ਦੇ ਸਾਜ਼ ਚੋਂ ਪ੍ਰਗਟ ਧੁਨੀਆਂ
ਅੰਬਰ ਕਰੇ ਅਲਾਪ
ਵਜੇ ਧੁਨ ਅੰਤਰਗਤ ਐਸੀ
ਲੂੰ ਲੂੰ ਕਰੇ ਪੁਕਾਰ
ਚਾਨਣ ਚਾਨਣ ਹੋਏ ਸਾਹ ਮੇਰੇ
ਤੂੰ ਅੰਦਰ ਤੂੰ ਬਾਹਰ

- ਗਗਨ-ਸਵੇਂਦੀ ਪੌਣ
- ਪੌਣ-ਵਸੇਂਦੀ-ਅੱਗਣ
- ਅੱਗਣ-ਵਸੇਂਦਾ-ਜਲ
- ਜਲ-ਵਸੇਂਦੀ-ਧਰਤ
- ਧਰਤ ਵਸੇਂਦਾ-ਗਗਨ

ਤੱਕੇ ਆਪਣੇ ਹੀ ਪਿੰਡੇ 'ਤੇ
ਆਪਣੀ ਅੱਗ ਦੇ ਦਾਗ਼
ਛਾਲਿਆਂ ਦੀ ਲਿਖੀ ਇਬਾਰਤ
ਅਗਨੀ! ਜਲ ਦੇ ਬਾਬ
ਪਿਘਲੇ ਪਿਘਲੇ
ਚੰਨ, ਸਿਤਾਰੇ, ਸੂਰਜ, ਕਾਲਾ ਕਾਲਾ
ਕਸ ਚੜ੍ਹੀਆਂ ਰੁੱਤਾਂ ਦੇ ਹੱਡੀਂ
ਮੌਸਮ ਪਾਰਾ, ਪਾਰਾ

## ਗਗਨ-ਵਸੇਂਦੀ-ਪੌਣ

ਗਗਨ, ਪੌਣ ਦਾ ਮਿਸ਼ਰਣ
ਮਾਨਵ ਦਰਪਣ ਅਖਵਾਏ
ਸਮਾਂ ਉਤਾਰੇ ਆਰਤੀ ਜਿਸਦੀ
ਜਿਹਨੂੰ ਜਲ, ਥਲ ਅਗਨ ਧਿਆਏ

## ਗਗਨ-ਵਸੇਂਦੀ-ਪੌਣ

ਉਤਰੇ ਪੌਣ ਮਿੱਟੀ ਦੀ ਨਗਰੀ
ਗਗਨਾਂ ਦਾ ਗਗਨ ਹੰਢਾ ਕੇ
ਜਗੇ ਮਿੱਟੀ ਦੇ ਬੁੱਤਾਂ ਅੰਦਰ
ਮੂੰਹ ਵਿਚ ਸੂਰਜ ਪਾ ਕੇ

ਖੋਲ੍ਹਦੀ ਪੰਡਾਂ ਰਾਹਾਂ ਦੀਆਂ
ਮੰਜ਼ਲੀਂ ਚੰਨ ਉੱਗਾ ਕੇ
ਗਿੜੇ ਮਨੁੱਖ 'ਚ ਵਾਂਗ ਲਹੂ ਦੇ
ਮਾਨਵਤਾ ਨੈਣੀਂ ਪਾ ਕੇ

ਪੁੱਛਦੀ ਭੁੱਖਿਆਂ ਖੇਤਾਂ ਕੋਲੋਂ
ਅੰਨ੍ਹ ਦੀ ਨਕਸ਼-ਨੁਹਾਰ
ਕੱਢਦੀ ਬਹਿ ਖੰਡਰਾਂ ਦੀ ਅੱਖ 'ਚ
ਆਉਂਦੀ ਹੋਈ ਬਹਾਰ

ਅੰਬਰ ਆਪਣੇ ਨਕਸ਼ ਸੰਵਾਰੇ
ਰੱਖ ਪੌਣ ਦਾ ਦਰਪਣ ਸਾਹਵੇਂ
ਪੜ੍ਹਦਾ ਪਿੰਡੇ ਦਾ ਸੁੱਚ ਅੰਬਰ
ਵਿਚ ਲਹਿ ਆਪਣੇ ਪਰਛਾਵੇਂ

ਤੱਕੇ ਪੌਣ ਦੇ ਨੈਣਾਂ ਵਿਚੋਂ
ਧਰਤੀ ਛਾਲੇ ਛਾਲੇ
ਵੇਖ ਨੀਲ ਸਿਰਜਣਾ ਪਿੰਡੇ
ਅੰਬਰ ਖਾਏ ਉਬਾਲੇ

ਟਪਕੇ ਰੱਤ ਨੈਣਾਂ 'ਚੋਂ
ਕਿਰਦੀ ਬਣ ਬਣ ਸੂਰਜ, ਤਾਰੇ
ਮਿੱਟੀ 'ਚੋਂ ਉੱਗਾ ਕੇ ਕਿਰਨਾਂ
ਅੰਬਰ ਧਰਤ ਸੰਵਾਰੇ

ਅੰਬਰ ਆਪਣੀ ਸਿਰਜੀ ਪੌਣ ਦੇ
ਅੰਦਰ ਉਤਰ ਜਾਏ
ਕਦੀ ਪੌਣ ਸਦਾਏ ਅੰਬਰ
ਕਦੀ ਅੰਬਰ ਪੌਣ ਕਹਾਏ

ਗਗਨ ਪੌਣ ਦਾ ਮਿਸਰਣ
ਮਾਨਵ ਦਰਪਣ ਅਖਵਾਏ
ਜੀਹਦੀ ਸਮਾਂ ਉਤਾਰੇ ਆਰਤੀ
ਜਿਹਨੂੰ ਜਲ ਥਲ ਗਗਨ ਧਿਆਏ

ਜੋ ਇਕ ਇਕ ਰੁੱਖ ਦੇ ਪਿੰਡੇ
ਜੰਗਲ ਬੀਜਦਾ ਜਾਏ
ਤੇ ਕਤਰਾ ਕਤਰਾ ਮਾਨਵ
ਮਾਨਵਤਾ ਰੂਪ ਵਟਾਏ

ਪੌਣ ਸਿਰਜਕੇ ਅੰਬਰ
ਆਦਮ ਦਾ ਆਦਮ ਪੜ੍ਹਿਆ
ਅਪੜਣ ਲਈ ਧਰਤੀ ਹਿਰਦੇ
ਯੁੱਗਾਂ ਦੇ ਪਿੰਡੇ ਤਰਿਆ

ਕਦੀ ਖੁਰਿਆ ਵਾਂਗ ਪਹਾੜਾਂ
ਕਦੀ ਪੌਣਾਂ ਦੀ ਸੂਲੀ ਚੜ੍ਹਿਆ
ਕਦੀ ਸਾਗਰ ਤਰਦਾ ਹੋਇਆ
ਇਕ ਬੂੰਦ 'ਚ ਡੁੱਬ ਕੇ ਮਰਿਆ

ਕਦੀ ਛਾਲਾ ਛਾਲਾ ਹੋਇਆ
ਕਦੀ ਅੱਗਾਂ ਪੀ ਪੀ ਠਰਿਆ
ਕਦੀ ਦਿਨ ਦੇ ਪਿੰਡੇ ਘੁਲਿਆ
ਕਦੀ ਰਾਤ ਦੇ ਮੱਥੇ ਬਲਿਆ

ਕਦੀ ਕਤਰਾ ਕਤਰਾ ਹੋ ਕੇ
ਆਪਣਾ ਸੱਖਣਾਪਣ ਭਰਿਆ
ਕਦੀ ਹੱਥੀਂ ਆਪ ਨੁਚਣ ਕੇ
ਬਣ ਬੱਦਲ ਥਲਾਂ 'ਤੇ ਵਰ੍ਹਿਆ

ਪੌਣ ਜਗਾ਼ ਪੌਣਾਂ ਦੇ ਪਿੰਡੇ
ਅੰਬਰ! ਧਰਤ ਸੁਆਰੀ
ਕਾਂਗੋਂ ਹੰਸ ਕਰੇ ਜਲ-ਧਾਰਾ
ਅੰਬਰੋਂ ਧਰਤ ਉਤਾਰੀ

ਪੌਣ ਦੇ ਦਰਪਣ 'ਚੋਂ ਜਦ ਅੰਬਰ
ਆਪਣੇ ਨਕਸ਼ ਸਿਆਣੇ
ਮਾਨਵਤਾ ਦੇ ਨੈਣੀਂ ਉੱਗੇ
ਜ਼ਖ਼ਮਾਂ ਦੇ ਜੰਗਲ ਜਾਣੇ

ਝੁਰਿਆ!
ਪੌਣ ਦੀ ਉਂਗਲੀ ਫੜ ਕੇ
ਅੰਬਰ ਅੰਬਰ ਦੀ ਨਗਰੀ
ਸੂਰਜਾਂ ਦਾ ਜਿੱਥੇ ਰੈਣ ਬਸੇਰਾ
ਤੇ ਪੂਨਮ ਦੀ ਸਰਘੀ

ਚਾਨਣ ਦੇ ਜਿੱਥੇ ਚਸ਼ਮੇਂ ਫੁੱਟਣ
ਦਿਨ ਦੀ ਆਪਣੀ ਹਸਤੀ
ਨੀਂਦਰ ਜਿਥੇ ਰਾਤ ਦਾ ਸਾਗਰ
ਕਿਰਨ-ਖਟੋਲੇ ਤਰਦੀ

ਅੰਨ ਦੀ ਖ਼ੁਸ਼ਬੋ ਸੰਗ ਮਹਿਕੀਆਂ
ਮਹਿਕੀਆਂ ਫਿਰਨ ਬਹਾਰਾਂ
ਗੁੰਦੀਆਂ ਗੁੰਦੀਆਂ ਧੁੱਪਾਂ ਸਿਰ
ਤਾਂਬੇ ਰੰਗੀਆਂ ਤ੍ਰਿਕਾਲਾਂ

ਉੱਚੇ ਨੀਵੇਂ ਰੁੱਖ ਬਸ ਜਿੱਥੇ
ਰੁੱਖ ਹੀ ਰੁੱਖ ਸਦਾਵਣ
ਸਿਰ ਤੋਂ ਲੰਘਦੇ ਪੰਛੀਆਂ ਦੀ
ਭੁੱਖ 'ਚ ਉਤਰ ਜਾਵਣ

ਦਿਨ! ਰਾਤ!! ਦਾ ਡੁੱਬਣਾ ਚੜ੍ਹਨਾ
ਧੁੱਪ ਤੇ ਛਾਂ ਬਰਾਬਰ
ਬੰਦੇ ਦੀ ਹਸਤੀ ਦਾ ਸੂਰਜ
ਜਿੱਥੇ ਸਦਾ ਉਜਾਗਰ

ਪੌਣ ਦਾ ਦੀਵਾ ਬਾਲ ਕੇ
ਅੰਬਰ ਪੜ੍ਹਿਆ ਧਰਤ ਦਾ ਚੇਹਰਾ
ਲਟ ਲਟ ਬਲਦੇ ਨਕਸ਼ ਜ਼ਿਮੀਂ ਦੇ
ਅੰਗ ਅੰਗ ਵਿਚ ਸਵੇਰਾ

ਤੱਕਿਆ!
ਗਗਨ ਮਿੱਟੀ ਦੇ ਪਿੰਡੇ
ਗਗਨਾਂ ਦਾ ਗਗਨ ਉਚੇਰਾ
ਆਪਣੀ ਪ੍ਰਤੀਤੀ ਤੋਂ ਪ੍ਰਗਟ
ਹਰ ਥਾਂ ਆਪਣਾ ਡੇਰਾ

ਸਵੈ ਸਿਰਜੇ ਦਰਪਣ ਚੋਂ ਅੰਬਰ
ਆਪਣੇ ਅਰਥ ਸਿਆਣੇ
ਸ਼ਬਦਾਂ ਦੇ ਤਿੜਕੇ ਖੋਲਾਂ ਚੋਂ
ਜੜ੍ਹ ਅਰਥਾਂ ਦੀ ਜਾਣੇ

ਇਕ ਘੁਟ ਸਾਗਰ
ਇਕ ਘੁਟ ਸੂਰਜ
ਅੰਬਰ! ਕੰਠ ਉਤਾਰੇ
ਤੂੰ ਹੀ ਤੂੰ
ਅੰਬਰ ਦੇ ਪਿੰਡਿਉਂ
ਜਨਮੀ ਪੌਣ ਪੁਕਾਰੇ

ਲਹੂ ਦੇ ਗੀਤ
ਨੂਰ ਦੀ ਦੁਨੀਆਂ
ਨੈਣੀਂ ਪਾ ਕੇ ਆਏ
ਸਮੇਂ ਦੀ ਕੁੱਖੋਂ ਜਨਮ ਲਿਆ ਏ
ਅੱਜ ਆਦਮ ਦੇ ਹਮਸਾਏ

ਛਾਂਗਿਆ
ਇਕ ਇਕ ਰੁੱਖ ਜੰਗਲ ਦਾ
ਸੁੱਤੇ ਬਿਰਖ ਜਗਾਏ
ਬ੍ਰਿਖਈ-ਮੋਹ ਦੇ ਮਾਰੇ ਪੰਛੀ
ਤਾੜੀ ਮਾਰ ਉੱਡਾਏ

ਗਗਨੋ!
ਉਤਰੀ ਪੌਣ ਧਰਤ 'ਤੇ
ਅੰਬਰ ਬੀਜਦੀ ਜਾਏ
ਮਿੱਟੀ!
ਲੋਅ ਦੀਆਂ ਸੀਉ ਸੀਉ ਮਸ਼ਕਾਂ
ਜਲ ਧਰਤੀ ਨੂੰ ਲਾਏ

ਦਿੱਸਿਆ!
ਸਿਰਜੀ ਪੌਣ ਦੇ ਮੱਥੇ
ਅੱਜ ਭਵਿੱਖ ਦਾ ਚੇਹਰਾ
ਆਪਣੇ ਨੈਣਾਂ ਨਕਸ਼ਾਂ ਵਰਗਾ
ਸੁਫਨਾ ਤੇਰਾ ਮੇਰਾ

ਪੌਣ 'ਚ ਗੁੰਦੀਆਂ ਪੌਣਾਂ ਦੀ
ਕਰੇ ਅੰਬਰ ਰਾਹਨੁਮਾਈ
ਮਿੱਟੀ 'ਚੋਂ ਲਹੂ ਦੇ ਰੰਗ ਦੀ
ਦੁਨੀਆਂ ਪਰਗਟ ਆਈ

-0-

## ਪੌਣ-ਵਸੇਂਦੀ-ਅਗਨ

ਬਦਲੇ।
ਸ਼ਹਿਰ ਦੀਆਂ ਨਾੜਾਂ ਵਿਚ
ਵਗਦੀ ਨੀਤੀ ਰੱਤ
ਪਿੰਜ ਕੇ।
ਸਾਰਾ ਜਿਸਮ ਸ਼ਹਿਰ ਦਾ
ਲਏ ਭਵਿੱਖਤ ਕੱਤ

# ਪੌਣ-ਵਸੇਂਦੀ-ਅਗਨ

ਸਿਰਜੇ ਨਿੱਘ ਧਰਤ ਲਈ
ਤੇ ਜੀਵਨ ਲਈ ਲੋਅ
ਇਕ ਇਕ ਅੰਗ ਧਰਤ ਦਾ ਦੇਵੇ
ਸੰਗ ਚਾਨਣ ਦੇ ਧੋਅ

ਬੀਜੇ ਜੀਵਨ-ਗਤੀ ਦੇ ਪੈਰੀਂ
ਨਿੱਘ ਨਹਾਤੀ ਲੋਅ
ਜਿੰਦ ਧਰਤ ਦੀ
ਸਾਹ ਮਿੱਟੀ ਦੇ
ਅਗਨ ਕਹਾਵੇ ਜੋ

ਪੁੰਗਰੇ !
ਅੰਗ ਅੰਗ ਧਰਤ ਦਾ
ਲੱਖ ਮੌਸਮ, ਰੁੱਤਾਂ ਰੰਗ
ਲੋਅ ਦੀ ਧਾਰਾ 'ਚੋਂ ਚੜ੍ਹ ਆਵਣ
ਕਈ ਸੂਰਜ ਸਿਰਲੱਥ

ਉਤਰਣ ਜੋ ਅਗਨੀ ਦੇ ਪਿੰਡੇ
ਪਰਖਣ ਨਿੱਘ ਤੇ ਲੋਅ
ਬਾਲਣ ਦੀਵੇ ਪੌਣ ਦੇ ਮੱਥੇ
ਕਾਲਖ਼ ਦੇਵਣ ਧੋਅ

ਤਾਂਬੇ ਵਰਗਾ ਜੰਗਲ ਦਿੱਸੇ
ਚਾਂਦੀ ਵਰਗੀ ਪੌਣ
ਸੋਨੇ ਵਰਗੇ ਪੰਖ ਪੰਖੇਰੂ
ਗੁਣ ਮਿੱਟੀ ਦੇ ਗਾਉਣ

ਉੱਗਦੀ!
ਸੂਰਜ ਦੀ ਟਿੱਕੀ ਸੰਗ
ਆਪਣਾ ਗਗਨ ਨਹਾਉਣ
ਚੁੰਝਾਂ ਦੇ ਵਿਚ ਭਰ ਭਰ ਚਾਨਣ
ਜੰਗਲ ਮੁੱਢੀਂ ਪਾਉਣ

ਬਹਿ ਬਹਿ
ਆਪਣੇ ਖੇਤਾਂ ਕੁੱਛੜ
ਅੰਨ ਦਾਤੀ ਧਰਤ ਧਿਆਉਣ
ਚੁੰਮ ਕੇ ਆਪਣੀ ਮਿੱਟੀ, ਪੰਛੀ
ਚੁੰਝੀਂ ਚੋਗਾ ਲਾਉਣ

ਚੁੱਕਦੇ ਆਪਣੇ ਖੰਭਾਂ ਉੱਤੇ
ਮਿੱਟੀ ਦਾ ਅਸਮਾਨ
ਧਰਤੀ ਵਰਗਾ ਨਿੱਘਾ ਨਿੱਘਾ
ਲੋਅ ਦੇ ਵਿਚ ਪ੍ਰਾਣ

ਸਿਰਜਣ!
ਪਿੰਡ ਤੇ ਪਿੰਡਾ ਆਪਣਾ
ਦ੍ਰਿਸ਼ਟੀ ਤੇ ਪ੍ਰਵਾਜ਼
ਅਰਥਾਂ ਦੇ ਰੰਗ ਵਰਗੀ ਉੱਠੇ
ਲਹੂ ਚੋਂ ਇਕ ਅਵਾਜ਼

ਠਰੀਆਂ ਗਲੀਆਂ, ਨੰਗੇ ਚੌਕੀ
ਤਕਸੀਮੇ ਆਪਣਾ ਤਾਅ

ਬਿਮਾਰ ਨਗਰ ਨੂੰ
ਡਿੱਗਦੀਆਂ ਛੱਤਾਂ ਹੇਠੋਂ ਲਏ ਉਠਾ

ਬਦਲੇ ਸ਼ਹਿਰ ਦੀਆਂ ਨਾੜਾਂ ਵਿਚ
ਵਗਦੀ ਨੀਤੀ ਰੱਤ
ਪਿੰਜ ਕੇ ਸਾਰਾ ਜਿਸਮ ਸ਼ਹਿਰ ਦਾ
ਲਏ ਭਵਿੱਖਤ ਕੱਤ

ਸਿਰਜਣ!
ਮਿੱਟੀ ਦੀ ਪ੍ਰਣਾਲੀ
ਬਸ ਮਿੱਟੀ ਦੇ ਲੋਕ
ਰਚਨ ਆਪਣੀ ਆਪ ਪ੍ਰਭੁਤਾ
ਬਾਣੀ ਸ਼ਬਦ ਸਲੋਕ
ਹਰ ਇਕ ਵੇਹੜੇ ਚਾਨਣ ਖੇਲੇ
ਗਲੀਏ ਗਲੀਏ ਧੁੱਪਾਂ
ਚੰਨ ਟਿਕਾ ਕੇ ਤਲੀਏ
ਸੂਰਜ
ਧਰਤੀ ਦੀਆਂ ਮੰਗੇ ਸੁੱਖਾਂ

ਗੁਆਚਾ ਮੌਸਮ ਪੌਣ ਦੇ ਨੈਣੀਂ
ਲੱਭਦਾ ਲੱਭਦਾ ਰੁੱਤਾਂ
ਵੰਡੇ ਪੀਂਘ ਚੜ੍ਹਾਉਂਦਾ ਸਾਵਣ
ਭਰ ਬੱਦਲਾਂ ਦੀਆਂ ਬੁੱਕਾਂ

ਤੁਰਦੀ!
ਮਿੱਟੀ ਦੇ ਪੈਰੀਂ ਪੈਰੀਂ
ਅਗਨ ਜੋ ਜਨਮੀ ਲੋਅ
ਕਰਦੀ ਚਾਨਣ ਚਾਰ ਚੁਫੇਰੇ
ਨਿੱਘ 'ਚ ਆਪਾ ਧੋਅ

ਜਨਮੇਂ!
ਅਗਨ-ਨੂਰ ਦੇ ਪਿੰਡਿਉਂ
ਪੌਣ-ਵਸੇਂਦੀ ਲੋਅ
ਮਾਨਵਤਾ ਦਾ ਰੂਪ ਕਹਾਵੇ
ਸਾਹ ਬ੍ਰਹਿਮੰਡ ਦਾ ਜੋ

ਵਸੇ! ਮਿੱਟੀ ਤੋਂ ਮਿੱਟੀ ਤਕ
ਨੂਰ ਕਹਾਉਂਦੀ ਪੌਣ
ਪੱਥਰ ਤੋਂ ਜਲ ਦੀ ਦੁਨੀਆਂ ਤਕ
ਅਗਨ ਸਦਾਉਂਦੀ ਪੌਣ

ਮਿੱਟੀ ਤੋਂ ਬੁੱਤਾਂ ਦਾ ਪੈਂਡਾ
ਆਪ ਮਨਾਉਂਦੀ ਪੌਣ
ਆਪਣੇ ਹੱਥੀਂ ਗੁੰਨ ਕੇ ਤਾਰੇ
ਗਗਨ ਸਜਾਉਂਦੀ ਪੌਣ

ਫੂਕ ਕੇ ਰੂਹ ਬੁੱਤਾਂ ਦੇ ਪਿੰਡੇ
ਰੱਬ ਕਹਾਉਂਦੀ ਪੌਣ
ਵਗਦੀ ਜਦ ਸ਼ੀਸ਼ੇ ਦੀ ਦੁਨੀਏਂ
ਲੋਅ ਸਦਾਉਂਦੀ ਪੌਣ
ਕੱਢੇ ਜਦ ਪੱਥਰਾਂ ਦੇ ਪਿੰਡੇ
ਅਗਨ ਹੰਢਾਉਂਦੀ ਪੌਣ

ਪੌਣ ਵਸਾ ਕੇ ਪਿੰਡੇ ਅਗਨੀ
ਜਲ ਦਾ ਰੂਪ ਪਛਾਣੇ
ਨਿੱਘ ਦੇ ਮੱਥੇ ਬਲਦੀ ਲੋਅ ਚੋਂ
ਆਪਣਾ ਅੰਤਰ ਜਾਣੇ

ਆਪਣੀ ਹਸਤੀ ਦੇ ਸੂਰਜ ਦਾ
ਚਾਨਣ! ਅਗਨ ਪਛਾਣੇ

ਉੱਗਣ ਦਿਨ
ਜੀਹਨੂੰ ਜਪ਼ਦੇ, ਜਪਦੇ
ਸ਼ੌਣ ਰਾਤਾਂ, ਜੀਹਨੂੰ ਰੱਖ ਸਿਰਹਾਣੇ

ਤੁਰਨਾ ਸਿੱਖਿਆ
ਜਿਸ ਤੋਂ ਪੌਣਾਂ
ਖਿੜ ਖਿੜ ਹੱਸਣਾ ਛਾਵਾਂ
ਧਰਤੀ ਤੋਂ ਅੰਬਰ ਤੀਕਣ
ਕਿਰਨਾਂ ਗੁੰਦ, ਗੁੰਦ ਲਿਖਦੇ ਸੂਰਜ
ਜਿਸ ਸੂਰਜ ਦਾ ਸਿਰਨਾਵਾਂ

ਉਸ ਅਗਲੇ ਦਾ
ਧਰਤੀ ਕੁੱਛੜ ਖੇਡੇ ਇਕ ਪ੍ਰਛਾਵਾਂ
ਹਿੰਦੂ! ਮੁਸਲਮ! ਸਿੱਖ! ਈਸਾਈ!
ਪਾਸੇ ਦੀਆਂ ਦਿਸ਼ਾਵਾਂ

ਤੇਰੀ ਤੂੰ ਤੋਂ
ਆਪਣੀ ਮੈਂ ਤਕ
ਬਸ ਮਾਨਵ ਅਖਵਾਵਾਂ
ਮਾਨਵ ਪਿੰਡੇ ਤੁਰਦਾ ਤੁਰਦਾ
ਮਾਨਵਤਾ ਹੋ ਜਾਵਾਂ

ਆਪਣੀ ਲੋਅ ਦੇ ਬਾਲੇ ਦੀਵੇ
ਧਰਤ ਦੇ ਪਿੰਡੇ, ਪਿੰਡੇ
ਰੋਂਦੀ ਬੁੱਕ ਬੁੱਕ ਅੱਥਰੂ ਅਗਨੀ
ਜਦ ਮੌਸਮ ਸੜਦੇ ਡਿੱਠੇ

ਝੁਲਸੀਆ ਰੁੱਤਾਂ ਵਿਚ ਤ੍ਰਿਜਣਾਂ
ਪੌਣਾਂ ਛਾਲੇ, ਛਾਲੇ
ਜੋਬਨ-ਮੱਤੀ ਅਗਨ ਨੇ
ਬੱਦਲ ਨੈਣੀਂ ਭਰ ਉਬਾਲੇ

ਉੱਗ ਆਏ ਸਾਗਰ ਦੇ ਮੂੰਹ 'ਤੇ
ਮੋਈਆਂ ਮੱਛੀਆਂ ਦੇ ਚੇਹਰੇ
ਢਲੀਆਂ ਚਰਬੀ ਹੋ ਤ੍ਰਿਕਾਲਾਂ
ਛਾਲਿਆਂ ਭਰੇ ਸਵੇਰੇ

ਤੱਕੀਆਂ ਅਗਨੀ
ਦੇਹ ਚੋਂ ਉੱਗੀਆਂ
ਕਬਰਾਂ ਚਾਰ ਚੁਫੇਰੇ
ਆਪਣੀ ਖ਼ਾਤਰ ਬੀਜੇ ਅਗਨੀ
ਧਰਤੀ ਕੁੱਖ ਹਨ੍ਹੇਰੇ

ਪੌਣ ਵਸਾ ਕੇ ਪਿੰਡੇ ਅਗਨੀ
ਸੜਦੇ ਸਾਗਰ ਠਾਰੇ
ਪੀ ਧੁੱਖਦੇ ਜੰਗਲ ਦਾ ਦੁੱਖੜਾ
ਬੱਦਲ ਥਲੀਂ ਉਤਾਰੇ

ਆਪਣੀ ਅੱਗ ਨੂੰ ਆਪ ਹੰਗਾਲੇ
ਨਿੱਘ ਤੇ ਲੋਅ ਨਿਤਾਰੇ
ਪੌਣ! ਵਸਾ ਕੇ ਪਿੰਡੇ ਅਗਨੀ
ਦੁਨੀਆਂ ਨਵੀਂ ਉਸਾਰੇ

-0-

## ਅਗਨ-ਵਸੇਂਦਾ-ਜਲ

ਇਕ ਅੱਗ
ਗੌਤਮ ਪੀਤੀ, ਨਾਨਕ ਬੋਲੀ ਹੈ
ਇਹ ਅੱਗ
ਈਸਾ ਆਪਣੇ ਲਹੂ 'ਚ ਘੋਲੀ ਹੈ
ਇਹ ਅੱਗ
ਰਾਮ ਧਿਆਈ, ਕ੍ਰਿਸ਼ਨ ਉਚਾਰੀ ਹੈ
ਇਹ ਅੱਗ
ਸਾਗਰ ਆਪਣੇ ਢਿੱਡ ਉਤਾਰੀ ਹੈ

## ਅਗਨ-ਵਸੇਂਦਾ-ਜਲ

ਦੇਹ ਜਲ ਦੀ ਬੁੱਕਲ ਮਾਰ
ਬੀਜੇ, ਚੱਬੇ, ਜੰਮੇ ਅੱਗ
ਆਪਣੇ ਅੰਦਰ ਬਾਹਰ

ਮੌਸਮ! ਵਿਗਸਣ
ਰੁੱਤਾਂ! ਥੀਵਣ ਥੇਵੇ
ਸਾਹਾਂ ਦੀਆਂ ਮਹਿਕਾਂ ਵਰਗੇ
ਪੌਣਾਂ ਜੰਮਣ ਮੇਵੇ

ਪੱਤਾ ਪੱਤਾ ਨਿੱਘ ਨਹਾਵੇ
ਕੋਇਲ ਬੁੱਕੇ ਅੱਗ
ਗਗਨ ਉਡੀਕਦੀ ਧਰਤੀ ਨੈਣੀਂ
ਪੂਰਾ ਪਵੇ ਕੋਈ ਵਗ

ਅੱਗ ਚੋਂ!
ਠੰਡੀਆਂ ਰੁੱਤਾਂ ਜੰਮਣ
ਲੈ ਅੱਥਰੇ ਮੌਸਮ ਸੰਗ
ਬੱਦਲਾਂ ਮੁੱਖੋਂ
ਚੋਅ ਚੋਅ ਪੈਂਦਾ
ਧੁੱਪ ਦਾ ਗੋਰਾ ਰੰਗ

ਅਗਾਜ਼ ਹੋਵੇ
ਵਿਸਥਾਰ ਹੋਵੇ

ਧਰਤੀ! ਦੇ ਲੂੰ ਲੂੰ ਅੰਦਰ
ਸੂਰਜ ਦਾ ਪ੍ਰਕਾਸ਼ ਹੋਵੇ

ਗਗਨ ਸਮਾਏ ਧਰਤ
ਸਮਾਏ ਧਰਤ ਅਕਾਸ਼
ਅੱਗ ਦੀ ਕੁੱਖੇ
ਇਸ ਪਲ ਹੋਵੇ
ਸੁੱਚੇ ਜਲ ਦਾ ਵਾਸ

ਇਹ ਪਲ! ਸਿਰਜਣ
ਇਹ ਪਲ! ਸਿਰਜਕ
ਇਹ ਪਲ ਹੋਂਦ ਅਹੋਂਦ
ਇਹ ਪਲ ਸਮੇਂ 'ਚ ਬੱਝਦਾ ਨਾਹੀਂ
ਇਹ ਪਲ ਸਮੇਂ ਦੀ ਗੋਂਦ
ਇਹ ਪਲ ਸਦਾ ਬਹਾਰ
ਇਸ ਪਲ ਜਲ ਹੈ ਆਇਤ
ਤੇ ਅਗਨ ਹੈ ਆਇਤਕਾਰ

ਜਲ!
ਅਗਨ-ਨਾਭੀ ਦਾ ਸਫ਼ਰ ਕਰਦਾ ਹੈ
ਜਿਸ ਤਰ੍ਹਾਂ ਬੱਦਲ ਕੋਈ
ਬਿਜਲੀਆਂ ਦੇ ਨਗਨ ਤਰਦਾ ਹੈ

ਅੱਗ!
ਸਵੈ ਅਗਨ ਦੇ ਸਾਵੇਂ
ਜਦ ਵੀ ਖਲੋਂਦੀ ਹੈ
ਭਰਕੇ ਜਲ ਅੱਖਾਂ 'ਚ
ਸੌ, ਸੌ, ਰੁੱਤ ਰੋਂਦੀ ਹੈ

ਜਲ! ਅੱਗ ਦੀਆਂ ਅੱਖਾਂ 'ਚੋਂ
ਇੰਝ ਵਗਦਾ ਹੈ

ਜਿਉਂ ਸੀਤ ਹੌਕਾ
ਪੱਥਰ ਦੇ ਸੀਨੇ 'ਚੋਂ ਨਿਕਲਦਾ ਹੈ

ਜਲ ਵਸੇਂਦੀ ਅੱਗ
ਤੇਰੇ 'ਚ ਹੈ! ਮੇਰੇ 'ਚ ਹੈ
ਤੂੰ! ਮੈਂ!
ਸਭ ਅੱਗ ਦਾ ਪਸਾਰਾ ਹੈ
ਅੱਗ ਹੀ
ਜੀਵਨ ਦਾ ਸਾਊਪਣ ਹੈ
ਅੱਗ ਹੀ ਅਵਾਰਾ ਹੈ

ਅੱਗ 'ਚੋਂ ਜੰਗਲ
ਅੱਗ 'ਚੋਂ ਪਹਾੜ ਉੱਗੇ ਹਨ
ਅੱਗ 'ਚ ਸਾਹਿਰਾ ਹਰੇ ਹਨ
ਅੱਗ 'ਚ ਸਮੁੰਦਰ ਸੁੱਕੇ ਹਨ

ਜਲ ਵਸੇਂਦੀ ਅੱਗ
ਬੱਦਲ ਹੈ
ਧਰਤੀ ਦੀ ਪਿਆਸ ਹੈ
ਪਤਝੜ ਹੈ ਬਹਾਰ ਹੈ
ਜਲ ਵਸੇਂਦੀ ਅੱਗ
ਜੀਵਨ ਦੇ ਇਸ ਪਾਰ ਤੋਂ
ਉਸ ਪਾਰ ਹੈ
ਲੋਕ ਹੈ! ਸੰਸਾਰ ਹੈ!!
ਸਭ ਦੀ ਸਿਰਜਣਹਾਰ ਹੈ

ਬੀਜ ਤੋਂ ਫਲ ਤੀਕ
ਸੁੱਕਿਆਂ ਤੋਂ ਹਰੇ
ਹਰਿਆਂ ਤੋਂ ਜੋ ਸੁੱਕੇ ਹਨ
ਸਭ ਅੱਗ ਤੋਂ ਚਲ ਕੇ
ਅੱਗ ਤੇ ਹੀ ਮੁਕੇ ਹਨ

ਜਲ ਹੰਢਾਉਂਦੀ ਅੱਗ
ਜਦ ਅੰਬਰੋਂ ਉਤਰਦੀ ਹੈ
ਚੰਨ 'ਚ ਸੂਰਜ
ਸੂਰਜ 'ਚ ਚੰਨ ਸਿਮਟਦਾ ਹੈ
ਸਮਾਂ!
ਅੰਞਾਣੇ ਬਾਲ ਵਾਂਗ
ਪ੍ਰਕਿਰਤੀ ਦੇ ਲੱਕ ਨੂੰ ਚਿੰਬੜਦਾ ਹੈ

ਮਿੱਟੀ ਦੀ ਮਹਿਕ
ਸੂਰਜ ਦਾ ਤੇਜ਼
ਛਾਵਾਂ ਦੀ ਠੰਢ
ਧੁੱਪਾਂ ਦਾ ਨਿੱਘ
ਪ੍ਰਕਿਰਤੀ ਦੀ ਤਰ੍ਹਾਂ ਹਮੇਸ਼ਾਂ ਹੈ

ਪ੍ਰਚੰਡ ਹੈ! ਸਰੇਸ਼ਟ ਹੈ!
ਜਪ ਹੈ! ਜਾਪ ਹੈ!
ਧਰਤ ਹੈ! ਅਕਾਸ਼ ਹੈ!
ਜੱਲ ਵਸੇਂਦੀ ਅੱਗ ਹੀ
ਜਲ ਆਪ ਹੈ

ਰੁੱਖਾਂ ਚੋਂ
ਕਰੁੰਬਲਾਂ ਵਾਂਗ ਨਿਕਲਦੀ ਹੈ
ਪੱਥਰਾਂ ਚੋਂ
ਝਰਨੇ ਵਾਂਗ ਫੁੱਟਦੀ ਹੈ

ਭੀੜਾਂ 'ਚ
ਜਦ ਸਾਹ ਲੈਂਦੀ ਹੈ
ਤਾਂ ਮਹਿਕ
ਬਿੰਦੂਆਂ ਤੋਂ ਸਮਾਨ-ਅੰਤਰ
ਰੇਖਾਵਾਂ 'ਚ ਵਗਦੀ ਹੈ

ਬੋਲਾਂ 'ਚੋਂ ਡੁਲ੍ਹਦੀ ਹੈ
ਰਾਹਾਂ 'ਤੇ ਤੁਰਦੀ ਹੈ

ਬੀਜਦੀ ਹੈ
ਆਪਣੀ ਨੀਰਤਾ! ਆਪਣੀ ਸੀਰੱਤਾ!
ਇੱਕ ਤੋਂ ਹਜ਼ਾਰਾਂ 'ਚ
ਸੜਕਾਂ ਤੋਂ ਬਜ਼ਾਰਾਂ 'ਚ
ਤਖ਼ਤ! ਦੀਆਂ ਬੁਰਜੀਆਂ ਤੋਂ ਲੈ ਕੇ
ਘਰਾਂ ਦੀਆਂ, ਦਰ-ਦੀਵਾਰਾਂ 'ਚ
ਅੰਗ ਅੰਗ
ਨਿਰਤ ਹੈ
ਬੋਧ!
ਬੁਧ!!
ਬਾਣੀ ਹੈ!!!
ਪ੍ਰਕਿਰਤੀ ਦਾ ਮੁੱਖ ਧੋਂਦਾ
ਸੁੱਚਾ ਪਾਣੀ ਹੈ

ਵੇਦ! ਕੁਰਾਨ ਹੈ!
ਸ਼ਬਦਾਂ, ਅਰਥਾਂ, ਬੋਲਾਂ ਦਾ
ਨਿਰਮਾਣ ਹੈ
ਜਿਸ ਦੇ ਅੱਖਰ ਅੱਖਰ
ਤਲੀ ਤੂਫ਼ਾਨ ਹੈ
ਜਿਸ ਦੀ ਚੁੱਪ 'ਚ
ਜੀਭਾ ਦਾ ਅਸਮਾਨ ਹੈ

ਜਿਸ ਦੇ ਕੰਠ 'ਚੋਂ
ਫੁੱਟਣ ਚਸ਼ਮੇ ਪ੍ਰੇਮ ਦੇ
ਜੋ ਧਰਤੀ ਵਿਚ ਪਈਆਂ
ਵਿੱਥਾਂ ਮੇਟਦੇ

ਇਸ ਚੋਂ ਜੋ ਵੀ ਉੱਗਾ ਹੈ
ਸੱਚ ਸੂਰਜ ਦੀ ਅੱਖ 'ਚ

ਉਹੀ ਪੁੱਗਾ ਹੈ
ਵਸੇ ਖੰਡ-ਬ੍ਰਹਿਮੰਡ
ਨਜ਼ਰ ਨਜ਼ੀਰ ਇਹ
ਆਪੇ ਨਜ਼ਰ ਹਜ਼ੂਰ
ਸ਼ਾਹ ਫਕੀਰ ਇਹ

ਜਲ 'ਚ ਭਿੱਜੀ ਅੱਗ
ਜਿਸਦੇ ਕੋਲ ਹੈ
ਵੇਦ ਕਤੇਬਾਂ ਦਾ ਉਹ
ਸੁੱਚਾ ਬੋਲ ਹੈ
ਇਸ ਸੰਗ
ਜੋ ਵੀ ਤੁਰਿਆ ਹੈ
ਉਹ ਹੀ ਆਪਣੇ ਅੰਦਰਲੇ
ਸੰਗ ਜੁੜਿਆ ਹੈ

ਇਹ!
ਤੇਰਾ ਤੇ ਮੇਰਾ ਸ਼ਬਦ ਵਿਚਾਰ ਹੈ
ਤੇਰਾ! ਮੇਰਾ! ਚੇਹਰਾ!!
ਸ਼ੀਸ਼ਾ ਆਪ ਹੈ

ਇਹ ਮਿੱਠੜਾ ਮਿੱਠੜਾ ਬੋਲ
ਹੈ ਦੀਵਾ ਘਰ ਘਰ ਦਾ
ਮੇਰਾ! ਮੇਰਾ ਲਗੇ
ਚਾਨਣ ਹਰ ਨਰ ਦਾ
ਇਸ ਚਾਨਣ ਹੀ
ਮਾਨਵ ਦੀ ਰਾਹਨੁਮਾਈ ਕਰਨੀ ਹੈ
ਚੰਨ ਵਰਗੀ
ਕਣਕ ਦੀ ਟਿੱਕੀ
ਮਾਨਵ ਅੰਬਰੀਂ ਜੜਣੀ ਹੈ

ਫੁੱਲ ਕਪਾਹ ਦਾ
ਇਸ ਚਾਨਣ ਨੇ
ਮਾਨਵ ਭੇਂਟ ਚੜ੍ਹਾਉਣਾ ਹੈ
ਆਪਣੀ ਖੱਲ ਦਾ ਕਰ ਵਿਛਾਉਣਾ
ਮਾਲਵ ਹੇਠ ਵਿਛਾਉਣਾ ਹੈ

ਇਸ ਚਾਨਣ ਨੇ
ਮਾਨਵ ਦੇ ਸਿਰ
ਹੱਥੀਂ ਛਾਵਾਂ ਕਰਨੀਆਂ ਨੇ
ਆਪਣਾ ਆਪ ਉਬਾਲ ਲਹੂ 'ਚ
ਮਨੁੱਖੀ ਪੀੜਾਂ ਹਰਨੀਆਂ ਨੇ

ਜਲ ਵਸੇਂਦੀ ਅੱਗ
ਕੜਦੀਆਂ ਦੇਗਾਂ ਵਿਚ ਪਲਰਦੀ ਹੈ
ਤੱਤੀਆਂ! ਤੱਤੀਆ!!
ਤਵੀਆਂ 'ਤੇ ਸਾਹ ਲੈਂਦੀ ਹੈ
ਤਪਦੀ ਰੇਤ ਪਵਾ ਕੇ
ਸਿਰ ਤੋਂ ਪੈਰਾਂ ਤੀਕ
ਜੀਭਾ ਇਸਦੀ
ਮਾਨਵ! ਮਾਨਵ! ਕਹਿੰਦੀ ਹੈ

ਇਹ ਅੱਗ
ਗੌਤਮ ਪੀਤੀ
ਨਾਨਕ ਬੋਲੀ ਹੈ
ਇਹ ਅੱਗ
ਈਸਾ ਆਪਣੇ ਲਹੂ 'ਚ ਘੋਲੀ ਹੈ

ਇਹ ਅੱਗ
ਰਾਮ ਧਿਆਈ

ਕ੍ਰਿਸ਼ਨ ਉਚਾਰੀ ਹੈ
ਇਹ ਅੱਗ
ਸਾਗਰ ਆਪਣੇ ਢਿੱਡ ਉਤਾਰੀ ਹੈ

ਇਹ ਅੱਗ
ਮਿੱਟੀ! ਮਿੱਟੀ!!
ਇਹ ਅੱਗ! ਪੌਣ ਕਹਾਏ
ਇਹ ਅੱਗ! ਗਗਨੀਂ ਵਸੇ
ਜਲ ਵਿਚ ਜਲ ਹੋ ਜਾਏ

ਇਹ ਅੱਗ! ਮਾਨਵ, ਮਾਨਵ
ਇਹ ਅੱਗ! ਕੁਲ ਲੋਕਾਈ
ਇਹ ਨਾ
ਹਿੰਦੂ! ਮੁਸਲਿਮ!!
ਇਹ ਨਾ
ਸਿੱਖ ਈਸਾਈ!!

-0-

## ਜਲ-ਵਸੇਂਦੀ-ਧਰਤ

ਤੱਕਿਆ
ਹਰ ਇਕ ਰਾਤ ਨੇ ਸੂਰਜ
ਬੈਠਾ ਧਰਤ ਬਨ੍ਹੇਰੇ
ਜਲ ਵਸਾ ਕੇ ਪਿੰਡੇ ਧਰਤੀ
ਖੂਹ ਚਾਨਣ ਦਾ ਗੇੜੇ
ਧੋਵੇ ਰੁੱਖਾਂ ਅੰਦਰ ਪਸਰੇ
ਕਾਲੇ ਸ਼ਾਹ ਹਨ੍ਹੇਰੇ
ਬੀਜੇ ਮਿੱਟੀ ਦੇ ਬੁੱਤਾਂ ਲਈ
ਚਾਨਣ ਚਾਰ ਚੁਫੇਰੇ

## ਜਲ-ਵਸੇਂਦੀ-ਧਰਤ

ਜਲ ਵਸੇਂਦੀ ਧਰਤ
ਧਰਤੀ ਸਿਰਜਣਹਾਰ
ਧਰਤੀ ਦੇ ਮੁੱਖੜੇ 'ਤੇ ਲਿਖਿਆ
ਮਿੱਟੀ ਦਾ ਵਿਸਥਾਰ

ਹਰ ਇਕ
ਬੁੱਤ ਦੀ ਹੋਂਦ 'ਚ ਗੁੱਝਾ
ਮਾਨਵ-ਸੂਰਤ ਦਾ
ਹਾਣੀ!
ਗਗਨ ਦਾ ਪਿੰਡਾ
ਪੌਣ ਦਾ ਮੱਥਾ
ਤੇਜ਼ ਅਗਨ ਦਾ
ਪਾਣੀ!!

ਗਿੜਿਆ
ਧਰਤ ਦੀ ਨਸ ਨਸ ਅੰਦਰ
ਬੀਜੇ ਬ੍ਰਿਖ ਤੇ ਛਾਵਾਂ
ਜਲ! ਵਸਾ ਕੇ ਆਪਣੇ ਪਿੰਡੇ
ਅੰਬਰ ਦਾ ਪ੍ਰਛਾਵਾਂ

ਸਿੰਜਿਆ ਜਲ ਨੇ ਪੱਤਾ ਪੱਤਾ
ਆਪਣੀ ਸੀਰਤਾ ਸੰਗ

ਜਨਮੀ ਆਪਣੇ ਪਿੰਡਿਉਂ ਧਰਤੀ
ਦੇ ਹਰਿਆਉਲਾ ਰੰਗ

ਉਚਰੇ ਆਪਣੇ ਮੁੱਖੋਂ ਜਲ ਨੇ
ਰੁੱਤਾਂ, ਮੌਸਮ, ਪਤਝੜ ਅਤੇ ਬਹਾਰਾਂ
ਟੁੰਗੇ ਬੱਦਲ ਧਰਤੀ ਕੇਸੀਂ
ਛਿੜਕੀਆਂ ਮੂੰਹ ਤੇ ਸਾਵਣ ਦੀਆਂ ਫੁਹਾਰਾਂ

ਵਿਸਮੇ ਅੰਗ ਅੰਗ ਸਮੇਂ ਦਾ
ਖੇਵੇ ਜੀਵਨ ਧਾਰਾ
ਹੁਲਾਸਮਈ ਅਗਨੀ ਨੇ ਕੀਤਾ
ਜਲ ਵਿਚ ਜਲ ਉਜਿਆਰਾ

ਤੁਰਦੀ ਧਰਤ! ਧਰਤ ਦੇ ਪਿੰਡੇ
ਬੰਨ ਕੰਨੀ ਜਲ ਕੁਆਰਾ
ਤੱਕੇ ਪੌਣ ਗਗਨ ਦੇ ਨੈਣੀਂ
ਆਪਣੀ ਅਗਨ ਅਵਾਰਾ

ਤੁਰੇ ਕਰੂੰਬਲ ਪੱਤਰ ਪੱਤਰ
ਪੱਤਰ ਜੜ੍ਹ ਹੋ ਜਾਏ
ਜੜ੍ਹ, ਪੱਤਰ ਦਾ ਰੁੱਖ 'ਚ ਵਿਚਰਨ
ਜੀਵਨ ਜੋਤ ਕਹਾਏ

ਬਰਸੇ ਰਸ ਧਰਤੀ ਦੇ ਪਿੰਡਿਉਂ
ਜਲ ਪਿੰਡਿਉਂ ਖੁਸ਼ਬੋਅ
ਹਰਿਆ ਹਰਿਆ ਚਾਨਣ ਜਨਮੇਂ
ਇਸ ਸੰਗਮ ਚੋਂ ਹੋ

ਬਿਰਖਾਂ ਆਪਣੇ ਅਰਥ ਉਚਾਰੇ
ਮੁੱਖ ਜੰਗਲ ਚੋਂ ਧੋ

ਚੁੱਕਿਆ ਘੁੰਡ ਕੁਦਰਤ ਨੇ
ਕੀਤੀ ਹਰ ਥਾਂ ਆਪਣੀ ਲੋਅ

ਜਲਵਾ! ਜਲਵਾ!
ਅੰਬਰ ਥੰਮਿਆ
ਜਲਵਾ, ਜਲਵਾ ਪੌਣ
ਜਲਵਾ, ਜਲਵਾ ਅੱਗ ਦੇ ਪਿੰਡੇ
ਗੁਜ਼ਰ ਰਿਹਾ ਹੈ ਕੌਣ

ਜਲ-ਦਰਪਣ ਚੋਂ ਰੁੱਖਾਂ
ਆਪਣੇ ਪੱਤ ਸਿਆਣੇ
ਆਪਣੀਆਂ ਸ਼ਾਖਾਂ 'ਤੇ ਬੈਠੇ
ਬੋਲ ਹਵਾ ਦੇ ਜਾਣੇ

ਜ਼ਰਦੀ ਵਿਚ ਘੁਲਿਆ ਬੋਟਾਂ
ਰਸ ਜੰਗਲ ਕੰਨੀਂ ਭਰਿਆ
ਜੰਗਲ ਦੇ ਪੱਤੇ ਪੱਤੇ 'ਤੇ
ਸਾਉਣ ਭਵਿੱਖ ਦਾ ਵਰ੍ਹਿਆ

ਅੱਗ ਦੇ ਪਿੰਡੇ
ਤਰਦੀ ਅੱਗ ਦਾ
ਪੋਟਾ ਪੋਟਾ ਠਰਿਆ
ਧਰਤੀ ਮੱਥੇ
ਜਗਮਗ! ਜਗਮਗ!
ਜਲ-ਚਾਨਣ ਪ੍ਰਗਟਿਆ

ਸੀਤਲ ਪੌਣ ਵਗੀ ਹਰ ਪਾਸੇ
ਨਾਲ ਸੁਗੰਧੀਆਂ ਲੱਦੀ
ਟੁੰਗ ਦੇ ਮੌਸਮ ਆਪਣੇ ਵਾਲੀਂ
ਰੁੱਤਾਂ ਪੈਰੀਂ ਬੱਧੀ

ਖਿੜਿਆ ਚੰਬਾ ਚਾਨਣ ਦਾ
ਹਰ ਕੂਚੇ, ਹਰ ਵੇਹੜੇ
ਨਹਾਤਾ ਚਾਨਣੀਆਂ ਵਿਚ ਜੰਗਲ
ਮੂੰਹ 'ਤੇ ਮਲ ਸਵੇਰੇ

ਤੱਕਿਆ
ਹਰ ਇਕ ਰਾਤ ਨੇ ਸੂਰਜ
ਬੈਠਾ ਧਰਤ ਬਨੇਰੇ
ਜਲ ਵਸਾ ਕੇ ਪਿੰਡੇ ਧਰਤੀ
ਖੂਹ ਚਾਨਣ ਦਾ ਗੇੜੇ

ਧੋਵੇ ਰੁੱਖਾਂ ਅੰਦਰ ਪਸਰੇ
ਕਾਲੇ ਸ਼ਾਹ ਹਨੇ੍ਰੇ
ਬੀਜੇ ਮਿੱਟੀ ਦੇ ਬੁੱਤਾਂ ਲਈ
ਚਾਨਣ ਚਾਰ ਚੁਫੇਰੇ

ਸਿਰਜੇ!
ਮਿੱਟੀ ਚੋਂ, ਮਿੱਟੀ ਦਾ
ਆਪਣਾ ਹੀ ਸੰਸਾਰ
ਰੁੱਖ ਨਿਵਾਜਣ ਜੰਗਲ ਪੈਰੀਂ
ਆਪਣਾ ਕੱਦ ਉਤਾਰ

ਖੁਰ ਖੁਰ ਰਲਣ ਉਚੇਰੇ ਪਰਬਤ
ਕੁੱਖ ਦੀ ਮਿੱਟੀ ਨਾਲ
ਜਲ ਦੀ ਜੋਤ ਜਗਾਏ ਧਰਤੀ
ਜਲ ਦੀ ਬੁੱਕਲ ਮਾਰ

ਜਨਮੇ!
ਮਿੱਟੀ ਦੇ ਬੁੱਤਾਂ ਚੋਂ
ਆਉਣ ਵਾਲਾ ਸੰਸਾਰ

ਕਤਰਾ ਕਤਰਾ ਜਲ ਕਹਾਏ
ਸਾਗਰ ਸਿਰਜਣਹਾਰ

ਧਰਤੀ ਜੰਗਲ ਛਾਂ ਦੀ ਤਲੀਏ
ਜਲ ਵਿਚ ਜਲ ਉਤਾਰ
ਰਿੜਕੇ ਅੱਗ ਦਾ ਪਿੰਡਾ
ਦੇਵੇ ਸੜਦੀਆਂ ਪੌਣਾਂ ਠਾਰ

ਗੂੰਜੇ ਲੋਹੇ ਦੇ ਜੰਗਲ 'ਚ
ਮਿੱਟੀ ਦੀ ਇਕ ਬੂੰਦ
ਲੋਹੇ ਦੀ ਬੁਲ ਬੁਲ ਦੇ ਕੰਠੀਂ
ਸਾਵਣ ਬੀਜੇ ਕੌਣ

ਪਿੰਡੇ ਜਲ ਵਸਾ ਕੇ ਧਰਤੀ
ਮੁੱਖ ਜੰਗਲ ਦਾ ਧੋਏ
ਭਰਕੇ ਨੈਣੀਂ ਕੱਚ ਦੇ ਅੱਥਰੂ
ਲੋਹ-ਅੰਬਰ ਨੂੰ ਰੋਏ

ਲੋਹਾ ਚਿੱਥਦੀ ਅੱਗ ਚੱਬਦੀ
ਦੇ ਕਈ ਮੌਸਮ ਮੋਏ
ਭਰ ਭਰ ਕੌਲ ਨੈਣਾਂ ਦੇ ਦਿਲ ਚੋਂ
ਮੂੰਹ ਕਬਰਾਂ ਦਾ ਧੋਏ

ਡਾਹ ਕੇ ਪੌਣ ਦਾ ਚਰਖਾ ਧਰਤੀ
ਕੱਤਦੀ ਜਲ ਦੇ ਤਾਰ
ਢੱਕਦੀ ਮੁੱਖ ਜ਼ਖ਼ਮੀ ਸ਼ੀਸ਼ੇ ਦਾ
ਲਹੂ ਵਿਚ ਨੈਣ ਉਬਾਲ

ਗਿੜਦੀ! ਪਲ ਪਲ ਸਮੇਂ ਦੇ ਪਿੰਡੇ
ਅੱਗ 'ਚ ਅੱਗ ਨੂੰ ਠਾਰ

ਉਤਰੇ ਮੁੜ ਮੁੜ ਆਪਣੇ ਢਿੱਡ 'ਚ
ਬਣ ਬਣ ਆਪ ਸਵਾਲ

ਜਪੇ ਆਪਣੇ ਜਲ ਨੂੰ ਧਰਤੀ
ਜਲ ਦੀਆਂ ਜੋਤਾਂ ਬਾਲ
ਪਾਉਂਦੀ ਪੀਹ ਪੀਹ ਅੱਗ ਨੈਣਾਂ ਵਿਚ
ਜਲ ਵਿਚ ਜਲ ਉਤਾਰ

ਦੱਸਦੀ ਸਾਵ੍ਹਾਂ ਸਾਵ੍ਹਾਂ ਹੋ ਕੇ
ਅੱਥਰੀ ਪੌਣ ਨੂੰ ਵਗਣਾ
ਜਲ ਚੋਂ ਧੋਅ ਕੇ ਆਪਣੀ ਅੱਗ ਨੂੰ
ਕਿਰਨਾਂ ਵਿਚ ਗੁਜ਼ਰਨਾ

ਵੰਡਣਾ ਚਾਨਣ
ਚਾਨਣ ਹੋ ਹੋ
ਪੌਣਾਂ ਸੰਗ ਵਿਚਰਨਾ
ਗਾਗਰ ਦੇਹ! ਗਗਨ ਮਧਾਣੀ!!
ਆਪਣਾ ਆਪ ਰਿੜਕਣਾ

ਆਪਣੀ ਅੱਗ ਦਾ ਨਿੱਘ ਹੰਢਾਉਣਾ
ਆਪਣੇ ਜਲ ਨੂੰ ਚੁੰਮਣਾ
ਆਪਣੀ ਪੌਣ ਦੇ ਪਿੰਡੇ ਵਸਣਾ
ਆਪਣਾ ਗਗਨ ਸਿਰਜਣਾ

ਪਿੰਡੇ ਜਲ ਵਸਾ ਕੇ ਧਰਤੀ
ਜਲ ਦਾ ਜਲ ਪਛਾਣੇ
ਬੂੰਦ ਬੂੰਦ ਦੇ ਪਿੰਡੇ ਵਸਦਾ
ਸਗਲਾ ਸਾਗਰ ਜਾਣੇ

ਮਿੱਟੀ ਦੇ ਬੁੱਤਾਂ 'ਚ ਤੁਰਦੀ
ਆਪਣੀ ਖੁਸ਼ਬੋ ਮਾਣੇ
ਗਗਨ! ਹਵਾ!
ਅਗਨ! ਨੀਰ ਦੇ, ਪਰਗਟ ਗੋਦ ਟਿਕਾਣੇ

ਪਹੁੰਚੇ ਜਲ ਤੋਂ
ਆਪਣੀ ਲੋਅ ਤੀਕਣ
ਲੋਅ ਤੋਂ ਹਵਾ ਹੋ ਜਾਏ
ਹਵਾ ਜਿਉਂਦੀ, ਜਿਉਂਦੀ ਧਰਤੀ
ਗਗਨੀਂ ਉਤਰ ਜਾਏ
ਆਤਮਾ! ਬ੍ਰਹਮ ਹੋ ਜਾਏ
ਨੂਰ ਦਾ ਨੂਰ ਕਹਾਏ

ਜਲ ਦੀ ਜੋਤ ਜਗਾ ਕੇ ਪਿੰਡੇ
ਅਨੁਭਵ! ਸੱਚ ਹੋ ਜਾਏ
ਧਰਤੀ!
ਮਿੱਟੀ ਦੇ ਬੁੱਤਾਂ ਦੀ ਸਿਰਜਣਹਾਰ ਕਹਾਏ

ਇਕੋ ਪਿੰਡੇ
ਇਕੋ ਮਿੱਟੀ
ਇਕੋ ਜਲ ਦੀ ਧਾਰਾ
ਲਹੂ ਦੇ ਸੁੱਚੇ ਰੰਗ 'ਚ ਗੁੱਝਾ
ਬੁੱਤ!
ਮਿੱਟੀ!!
ਬੁੱਤਘਾੜਾ!!!

–0–

## ਧਰਤ-ਵਸੇਂਦਾ-ਗਗਨ

ਓੜ ਦੁਆਲੇ ਬੋਧ ਸਿਰਜਣਾ
ਪਨਘਟ ਉਤਰੀ ਨਹਾਉਣ
ਗਸ਼ ਖਾ ਡਿੱਗੇ ਕਾਲੇ ਬੱਦਲ
ਫ਼ਟੀ ਜ਼ਹਿਰੀਲੀ ਪੌਣ
ਤੁਰਿਆ ਬੋਧ ਸਿਰਜਣਾ ਪਿੰਡੇ
ਭਰ ਮੁਠੀਆਂ ਵਿਚ ਸਾਉਣ
ਗੋਰੀਆਂ ਧੁੱਪਾਂ ਹਰੀਆਂ ਛਾਵਾਂ
ਜਲ ਦੇ ਰੰਗ ਹੰਢਾਉਣ

## ਧਰਤ-ਵਸੇਂਦੀ-ਗਗਨ

ਸਿਰਜੇ ਧਰਤੀ
ਅੰਬਰ ਸਿਰ 'ਤੇ
ਨੈਣਾਂ ਵਿਚ ਹਰਿਆਵਲ
ਖੇਡਣ ਕੁਛੜ ਚੰਨ ਤੇ ਸੂਰਜ
ਸਾਗਰ ਗੋੜੇ ਪੌਣ

ਓੜ ਦੁਆਲੇ ਬੋਧ ਸਿਰਜਣਾ
ਪਨਘਟ ਉਤਰੀ ਨਹਾਉਣ
ਗਸ਼ ਖਾ ਡਿੱਗੇ ਕਾਲੇ ਬੱਦਲ
ਫ਼ਟੀ ਜ਼ਹਿਰੀਲੀ ਪੌਣ

ਤੁਰਿਆ ਬੋਧ ਸਿਰਜਣਾ ਪਿੰਡੇ
ਭਰ ਮੁੱਠੀਆਂ ਵਿਚ ਸਾਉਣ
ਗੋਰੀਆਂ ਧੁੱਪਾਂ, ਹਰੀਆਂ ਛਾਵਾਂ
ਜਲ ਦੇ ਰੰਗ ਹੰਢਾਉਣ

ਭੱਖਦੇ ਭੱਖਦੇ ਅੰਗ ਧਰਤ ਦੇ
ਚਿਹਰਿਉਂ ਸਿੰਮਦਾ ਤਾਅ
ਭਰ ਕੇ ਨਜ਼ਰ ਕਰੇ ਜਿਸ ਪਾਸੇ
ਸੂਰਜ ਦਏ ਚੜ੍ਹਾਅ

ਤੁਰਦੀ ਆਪਣੀ ਧੁੱਪ ਦੀ ਛਾਵੇਂ
ਕੱਢ ਪੈਰਾਂ ਵਿਚ ਪਾ

ਰੱਖਦੀ ਮਿੱਟੀ ਦੇ ਬੁੱਤਾਂ ਨੂੰ
ਪਲਕੀਂ ਧਰਤ ਬਿਠਾ

ਤੱਕਦੀ ਮਿੱਟੀ ਦੇ ਬੁੱਤਾਂ ਚੋਂ
ਆਪਣਾ ਸਿਰਜਣਹਾਰਾ
ਮਿੱਟੀ ਦੇ ਬੁੱਤਾਂ ਦੀ ਰੂਹ ਤਕ
ਹੈ ਜੋ ਵਿਚਰਣ ਵਾਲਾ

ਜਲ ਵਿਚ ਜਲ ਦੇ ਬੋਲ ਗੂੰਜਦੇ
ਅਗਨੀ ਭਰੇ ਹੁੰਗਾਰਾ
ਸਿਮਰੇ ਪੌਣ ਜਿਨੂੰ ਸੰਗ ਸਾਹਾਂ
ਅੰਬਰ ਕਰੇ ਇਸ਼ਾਰਾ

ਸਿਰਜੇ ਆਪਣੇ ਲਹੂ ਚੋਂ ਧਰਤੀ
ਹਰ ਪੱਤਾ ਹਰ ਟਹਿਣੀ
ਰੱਖਦੀ ਸਾਂਭ ਜੰਗਲ ਦਾ ਬਚਪਨ
ਰੁੱਖਾਂ ਦੀ ਉਠਣੀ ਬਹਿਣੀ

ਦੱਸਦੀ ਰਾਹ ਮਦਰੱਸੇ ਦਾ
ਸਮੇਂ ਨੂੰ ਉਂਗਲੀ ਲਾ ਕੇ
ਵਰਤਮਾਨ ਚੋਂ ਭਵਿੱਖ ਸਿਰਜਦੀ
ਹਵਾ ਤੇ ਪੂਰਨੇ ਪਾ ਕੇ

ਵੱਸੇ ਮਿੱਟੀ ਦੇ ਪੈਰਾਂ ਵਿਚ
ਧਰਤੀ ਰੱਬ ਅਖਵਾ ਕੇ
ਢੁੱਕਦੀ ਇੱਕ ਇੱਕ ਰੁੱਖ ਦੇ ਬੂਹੇ
ਜੰਗਲ ਤਲੀ ਉਠਾ ਕੇ

ਖੋਲ੍ਹਦੀ ਸਿਰਜਣਾ ਭਿੱਤ ਬੋਧ ਦੇ
ਆਪਣਾ ਆਪ ਜਗਾ ਕੇ
ਦੱਸਦੀ ਸਿਲ੍ਹ ਹੋਏ ਰੁੱਖਾਂ ਚੋਂ
ਗਤੀਆਂ ਦੇ ਚੰਨ ਪੁੰਗਰਾ ਕੇ

ਵੰਡਣ ਰੁੱਖ ਅੰਦਰ ਦਾ ਚਾਨਣ
ਬਾਹਰੋਂ ਪੀਣ ਹਨ੍ਹੇਰੇ
ਗਾਉਂਦਾ ਬਹਿ ਹਰ ਇਕ ਟਹਿਣੀ ਤੇ
ਸੂਰਜ ! ਨਿੱਤ ਸਵੇਰੇ

ਆਪਣੇ ਬੋਧ 'ਚੋਂ ਸਿਰਜਿਆ ਰੁੱਖਾਂ
ਜੰਗਲ ਆਪਣਾ ਹਾਣੀ
ਰੁੱਖਾਂ ਦੇ ਰੰਗ ਰੂਪ 'ਚ ਗੁੱਝਾ
ਜੜ੍ਹ ! ਪੱਤਾ !! ਹਰ ਟਹਿਣੀ !!

ਮਹਿੰਦੀ ਰੰਗੇ ਬੋਲ ਉਚਾਰੇ
ਹਰ ਹਰਿਆਉਲੇ ਸ਼ਬਦਾਂ
ਨੱਚਿਆ ਜੰਗਲ ਰੁੱਖਾਂ ਵੇਹੜੇ
ਹੋ ਨੰਗਾ ਲਾਹ ਲਾਹ ਪਰਤਾਂ

ਵਗੀ ਪੌਣ ਤੇ ਤੁਰਿਆ ਚਾਨਣ
ਹੋ ਬੰਧਨ ! ਤੋੜਕੇ ਸ਼ਰਤਾਂ
ਚੁੰਮਿਆ ਅੱਗ ਨੇ ਜਲ ਦਾ ਮੱਥਾ
ਧਰਤੀ ਕੰਠ ਧਿਆਈ ਅਰਥਾਂ

ਸਿਰਜੇ
ਨਵ-ਪ੍ਰਕਿਰਤੀ
ਨਵ-ਯੁੱਗ ਦੇ ਅਰਥ ਉਚਾਰੇ
ਬੰਧ ਜਗਾ ਰੁੱਖਾਂ ਮੱਥੇ
ਪਿੰਡੇ ਸਵਰਗ ਉਤਾਰੇ

ਬੋਧ ਹੰਢਾਉਂਦੀ
ਕੱਚ ਬੀਜਦੀ ਸਿਰਜਣਾ ਚਾਰ ਚੁਫੇਰੇ
ਜੰਗਲ ਪੈਰੀਂ ਵਗਲੇ ਸਮੇਂ ਦਾ
ਇੱਕ ਇੱਕ ਪਲ ਉਧੇੜੇ

ਖੋਲੋ !
ਇੱਕ ਇੱਕ ਰੀਢ ਲਹੂ□ ਦੀ
ਰੱਖ ਸੂਰਜ-ਬੋਧ ਬੰਨੇਰੇ
ਤੱਕੇ ਧਰਤੀ ਪਿੰਡੇ ਬੀਜੇ
ਮਿੱਟੀ ਖ਼ੁਦ ਹਨ੍ਹੇਰੇ

ਕਿਹੜਾ
ਜਲ ਦਾ ਚੇਹਰਾ ਧੋਵੇ
ਝਾੜੇ ਪੌਣ ਤੋਂ ਘੱਟਾ
ਕੌਣ ਕਰੇ ਨਿੱਘ ਅੱਗ ਦੇ ਸੀਨੇ
ਦਏ ਅੰਬਰੀਂ ਲੋਅ ਦਾ ਛੱਟਾ

ਪਿਘਲ, ਪਿਘਲ ਕੇ ਅੰਬਰ
ਖ਼ੁਦ ਆਪਣੇ ਪੈਰੀਂ ਚੋਇਆ
ਅੰਕੁਰ 'ਚੋਂ ਸਿਰਜਣਾ ਤੀਕਣ
ਪਰਗਟ ਹੋ ਕੇ ਮੋਇਆ

ਉੱਗਿਆ !
ਆਪਣੀਆਂ ਤਲੀਆਂ 'ਤੇ
ਆਪਣਾ ਜ਼ਖ਼ਮੀ ਚੇਹਰਾ
ਪੌਣ ! ਅਗਨ ! ਤੇ ਜਲ ਦੇ ਪਿੰਡੇ
ਨੱਕ ਨੱਕ ਤਕ ਹਨ੍ਹੇਰਾ

ਧਰਤੀ ਚੋਂ ਜਨਮੀ ਮਿੱਟੀ ਨੇ
ਧਰਤੀ ਅਗਨ ਬਿਠਾਈ
ਮਿੱਟੀ ਸਾਗਰ ਦੇ ਚੇਹਰੇ 'ਤੇ
ਛਾਲੇ ਬਣ ਉੱਗ ਆਈ

ਬਿਨਸਿਆ !
ਬੋਧ ਸਿਰਜਣਾ ਪਿੰਡੇ
ਪੁੰਗਰਨ ਲਈ ਦੁਆਰਾ

ਘੜ ਕੇ ਨਵ-ਸੋਚ-ਪ੍ਰਣਾਲੀ
ਪਿੰਜ ਕੇ ਆਪਾ ਸਾਰਾ

ਤਰਿਆ!
ਚੰਨ ਸਿਰਜਣਾ ਗਗਨੀਂ
ਲੈ ਨਵ-ਦਿਸਹੱਦੇ ਨਾਲ
ਕੀਤਾ ਚਾਨਣ ਧਰਤੀ ਪਿੰਡੇ
ਲਹੂ ਦੇ ਦੀਵੇ ਬਾਲ

ਤੁਰਿਆ ਮਿੱਟੀ ਤੋਂ ਮਿੱਟੀ ਤਕ
ਪਲਕੀਂ ਧਰਤ ਬਿਠਾਲ
ਧਰਦਾ ਬੋਧ ਮਿੱਟੀ ਦੀ ਤਲੀਏ
ਮਿੱਟੀ ਦਾ ਸੰਸਾਰ
ਦਿੱਤੀ ਬੋਧ ਨੇ ਮਿੱਟੀ ਪਿੰਡੇ
ਧਰਤ ਦੀ ਰੂਹ ਉਤਾਰ
ਮਹਿਕੀ ਮਿੱਟੀ ਖੁਸ਼ਬੂਆਂ ਸੰਗ
ਆਪਣੇ ਅੰਦਰ ਬਾਹਰ

ਹਵਾ ਨੇ ਆਪਣੇ ਅਰਥ ਪਛਾਣੇ
ਅਗਨ ਨੇ ਆਪਣਾ ਰੂਪ
ਜਲ ਨੇ ਧਰਤੀ ਦੇ ਨੈਣਾਂ ਚੋਂ
ਤੱਕਿਆ ਗਗਨ ਸਰੂਪ

ਗਦ ਗਦ ਹੋਇਆ
ਲੂੰ ਲੂੰ ਮਿੱਟੀ ਦਾ
ਜਿਉਂ ਆਪਣੀ ਸਿਰਜਣਹਾਰ
ਆਪਣਿਆਂ ਹੰਝੂਆਂ ਤੋਂ ਪੁੱਛੀ
ਮਿੱਟੀ ਆਪਣੀ ਸਾਰ

ਪਰਬੋਧਿਆ
ਆਪਣਾ ਆਪਾ ਮਿੱਟੀ
ਪਿੰਡੇ ਬੋਧ ਵਸਾ

ਚੁਗੇ ਹਨ੍ਹੇਰੇ ਬੀਜੇ ਸੂਰਜ
ਹਿਰਦੇ ਧਰਤ ਧਿਆ

ਦਿੱਤਾ ਜ਼ਰੇ ਜ਼ਰੇ ਬੁੱਲੀਂ
ਮਿੱਟੀ ਚਾਨਣ ਲਾਅ
ਤੁਰਦੀ ਮਿੱਟੀ, ਮਿੱਟੀ ਮੱਥੇ
ਸਿਰਜਣ-ਬੋਧ ਉੱਗਾ

ਬੋਧ! ਸਿਰਜਣਾ!
ਦਾ ਮਿੱਟੀ ਵਿਸਥਾਰ
ਆਪੇ ਉਪਜਣ ਆਪੇ ਬਿਨਸਨ
ਆਪੇ ਆਪਣੀ ਸਿਰਜਣਹਾਰ

ਬੋਧ ਜਿਉਂਦੀ ਸਿਰਜਣਾ
ਕਰਦੀ ਪਿੰਡੇ ਪਿੰਡੇ ਲੋਅ
ਮਿੱਟੀ ਨੂੰ ਮਿੱਟੀ ਚੋਂ ਆਵੇ
ਮਿੱਟੀ ਦੀ ਖ਼ੁਸ਼ਬੂ

ਮੋਟੇ ਭਰਮ ਤੇ ਬਾਲੇ ਦੀਵੇ
ਧਰਤੀ ਦੇ ਅੰਗ ਅੰਗ
ਦੇਵੇ ਮਿੱਟੀ ਆਪਣੀ ਮਿੱਟੀ
ਚਾਨਣ ਦੇ ਵਿਚ ਰੰਗ

ਲੋਅ ਵਿਚ
ਤੁਰਦੀ ਤੁਰਦੀ ਲੋਅ ਦਾ
ਸੂਰਜ ਚੜ੍ਹਦਾ ਜਾਵੇ
ਦਿਸਹੱਦੇ 'ਤੇ ਗਗਨ ਧਰਤ ਦੇ
ਸਾਹੀਂ ਘੁਲਦਾ ਜਾਵੇ

-0-

# ਭਾਗ ਤੀਜਾ

ਘੁੱਟ ਘੁੱਟ ਕਰਕੇ
ਪੀ ਲੈ ਮੈਨੂੰ
ਫੂਕਾਂ ਮਾਰ ਬੁਝਾ ਦੇ
ਇਕ ਚਾਨਣ ਦੀ ਝੋਲੀ ਵਿਚੋਂ
ਦੂਜੀ ਦੇ ਵਿਚ ਪਾ ਦੇ
ਆਪਣੀ ਕਾਲਖ਼ ਮੈਨੂੰ ਦੇ ਦੇ
ਮੇਰਾ ਚਾਨਣ ਲੈ ਲੈ
ਆਪਣਾ ਸਾਇਆ ਚੁੰਮਣ ਦੇ
ਫਿਰ ਪੈਰਾਂ ਤੀਕਣ ਖਾ ਲੈ

* ਮਿੱਟੀ-ਗੁੱਝਾ-ਗਗਨ
* ਮਿੱਟੀ-ਗੁੱਝੀ-ਹਵਾ
* ਮਿੱਟੀ-ਗੁੱਝੀ-ਅਗਨ
* ਮਿੱਟੀ-ਗੁੱਝਾ-ਜਲ
* ਬੋਧ
* ਬੋਧ-ਜਿਉਂਦੀ-ਮਿੱਟੀ

ਹਵਾ ਤੁਰੀ
ਤਾਂ ਸਭ ਕੁੱਝ ਤੁਰਿਆ
ਹਵਾ ਰੁਕੀ ਤਾਂ ਸਭ ਕੁੱਝ ਰੁਕਿਆ
ਬੱਦਲ! ਅੰਬਰੀਂ ਤੁਰਦੇ ਨੇ
ਬੱਦਲ! ਰੁੱਖੀਂ ਵਰ੍ਹਦੇ ਨੇ
ਆਪਣੀ ਧੁੰਦ 'ਚੋਂ
ਆਪਣੀ ਮਿੱਟੀ ਲੱਭਦੇ ਨੇ
ਹਰ ਪੱਤਰ ਨੇ
ਆਪਣੀ ਰੁੱਤ, ਆਪਣਾ ਮੌਸਮ
ਆਪਣੀ ਤਲੀ ਜਗਾਇਆ ਹੈ
ਹਰ ਪੱਤਰ ਹੀ ਮੁੜ ਮੁੜ
ਛਾਵਾਂ ਵੰਡਣ ਦਾ ਤਰਿਹਾਇਆ ਹੈ
ਪੱਤਰ ਟੁੱਟ ਟੁੱਟ ਜੁੜਦੇ ਨੇ
ਜੁੜ ਜੁੜ ਕੇ ਰੁੱਖ ਬੁਣਦੇ ਨੇ

## ਮਿੱਟੀ-ਗੁੱਝਾ-ਗਗਨ

ਮੈਂ!
ਤੇਰੇ ਚੋਂ ਰੋਜ਼ ਜਨਮਦਾ ਹਾਂ
ਰੋਜ਼ ਬਿਨਸਦਾ ਹਾਂ
ਅੱਜ ਮੇਰੀ ਨਜ਼ਰ 'ਚ
ਤੇਰਾ-ਪ੍ਰਸ਼ਨ-ਚਿੰਨ੍ਹ ਬਣ ਕੇ
ਉੱਗਣ ਦਾ ਸਬੱਬ
ਕਿਤੇ ਮੇਰੀ ਮਿੱਟੀ ਚੋਂ
ਗਗਨ ਨਿਖੇੜਨਾ
ਜਾਂ ਆਪਣੀ ਮਿੱਟੀ ਚੋਂ
ਗਗਨ ਜਨਮਣਾ ਹੀ ਤਾਂ ਨਹੀਂ

## ਮਿੱਟੀ-ਗੁੱਝਾ-ਗਗਨ

ਚੰਨ।
ਸਿਤਾਰੇ!!
ਸੂਰਜ!!!
ਮਿੱਟੀ ਭੋਰ ਭੌਰ ਕੇ ਤੱਕੇ
ਮਿੱਟੀ।
ਧਰਤੀ ਦੀ ਮਿੱਟੀ ਖ਼ਾਤਿਰ
ਗਗਨ-ਮੰਡਲ ਦੀ ਗੋਂਦ ਉਧੇੜ ਕੇ ਰੱਖੇ

## ਮਿੱਟੀ-ਗੁੱਝਾ ਗਗਨ

ਗਗਨ ਬੀਜ ਕੇ ਪਿੰਡੇ ਮਿੱਟੀ
ਸਿਰਜੇ ਆਪਣਾ ਆਪ
ਅਨੁਭਵ ਜਨਮੇ
ਚਿੰਤਨ ਸਿਰਜੇ
ਆਪਣੇ ਅੰਦਰ ਬਾਹਰ

ਸਿਰਜੇ!
ਕੁੱਖ! ਕੁੱਖਣ ਵੀ ਆਪਣਾ
ਸਿਰਜੇ ਅਗਨ ਤੰਦੂਰ
ਘੜ ਘੜ ਰੱਖੇ
ਆਪਣਾ ਆਪਾ
ਤਲੀਏ ਆਪ ਹਜ਼ੂਰ

ਚਾਨਣ!
ਚਾਨਣ ਹੋਈ ਮਿੱਟੀ ਮੌਲਦੀ ਹੈ
ਕਿਰਨੋਂ ਕਿਰਨ ਲਪੇਟਿਆ ਸੂਰਜ ਖੋਲ੍ਹਦੀ ਹੈ
ਖੀਵੀ ਖੀਵੀ ਹੋਈ
ਕਿਰਨੀਂ ਬਹਿੰਦੀ ਹੈ

ਦਾਨਸ਼ਮੰਦ!
ਦਾਨਸ਼ਮੰਦਾਂ ਨੂੰ ਕਹਿੰਦੀ ਹੈ
ਅਰਥਾਂ ਦੇ ਲਈ ਸ਼ਬਦ ਉਧਾਰੇ
ਮਿੱਟੀ ਗਗਨੋਂ ਲੈਂਦੀ ਹੈ
ਹੋ ਕੇ ਆਪ ਦ੍ਰਿਸ਼ਟੀ-ਗੋਚਰ
ਤੋਲੇ ਆਪਣਾ ਆਪਾ

ਮਰ ਜਾਏ ਉੱਡਦੀ ਉੱਡਦੀ ਅੰਬਰੀਂ
ਪਰਖਣ ਲਈ ਪ੍ਰਵਾਜ਼

ਨੱਸੇ !
ਆਪਣੇ ਪਿੱਛੇ ਪਿੱਛੇ
ਖ਼ੁਦ ਨੂੰ ਦੇ ਆਵਾਜ਼
ਜੀਵਨ-ਗਤੀ 'ਚ ਧੜਕੇ ਮਿੱਟੀ
ਬਣ ਸਰਗਮ ਸੁਰ ਸਾਜ਼

ਆਪ ਦ੍ਰਿਸ਼ਟੀ
ਆਪ ਸ੍ਰਿਸ਼ਟੀ
ਆਪੋ ਆਪਣੀ ਗੌਂਦ
ਗਗਨ ਵਸਾ ਕੇ ਫੜਦੀ ਮਿੱਟੀ
ਮੁੱਠ 'ਚ ਆਪਣੀ ਹੋਂਦ

ਪੜ੍ਹ ਕੇ ਆਪਣਾ ਆਪਾ
ਜਦ ਵੀ ਬੋਲਦੀ ਹੈ
ਮੀਚੀਆਂ !
ਗੰਢਾਂ ਖ਼ੁਸ਼ਬੋਆਂ ਦੀਆਂ ਖੋਲ੍ਹਦੀ ਹੈ

ਆਪਣਾ ਆਪਾ ਬੀਜ !
ਦੁਆਲੇ ਜਗਦੀ ਹੈ
ਅਥਰੀ ਪੌਣ ਨੂੰ
ਅਦਬ 'ਚ ਰਹਿਣਾ ਦੱਸਦੀ ਹੈ

ਬਾਲ ਮੱਥੇ ਦਾ ਦੀਵਾ
ਹਵਾ 'ਚ ਤਰਦੀ ਹੈ
ਬੇਲਗਾਮਾ ਸਾਗਰ
ਮੁੱਠੀਂ ਫੜਦੀ ਹੈ

ਜਣਕੇ ਕੋਰਾ ਸੂਰਜ
ਅੰਬਰੀਂ ਧਰਦੀ ਹੈ
ਜਦ ਵੀ ਮਿੱਟੀ
ਮਿੱਟੀ ਦੀ ਪਰਕਰਮਾਂ ਕਰਦੀ ਹੈ

ਪਾਟੀ, ਪਾਟੀ ਧਰਤੀ
ਮੁੜ ਮੁੜ ਸੀਂਦੀ ਹੈ
ਜਲ, ਹਵਾ 'ਚ ਰਲੀ
ਕੁੜੱਤਣ ਪੀਂਦੀ ਹੈ

ਗਗਨ ਹੰਢਾ ਕੇ ਮਿੱਟੀ
ਮਿੱਟੀ ਵਿਚ ਵਸੇ
ਮਿੱਟੀ ਵਿਚ ਜਿਉਣਾ
ਮਿੱਟੀ ਨੂੰ ਦੱਸੇ

ਮਿੱਟੀ ਦੇ ਵਿਚ
ਜਦ ਵੀ ਮਿੱਟੀ ਜਗਦੀ ਹੈ
ਮਿੱਟੀ ਨੂੰ ਹੀ
ਮਿੱਟੀ ਸੁੰਦਰ ਲਗਦੀ ਹੈ

ਚਾਨਣ ਦੇ ਵਿਚ
ਚਾਨਣ ਹੋ ਹੋ ਬਹਿੰਦੀ ਹੈ
ਆਪਣਾ ਆਪ ਜਗਾ ਕੇ ਮਿੱਟੀ
ਓਢ ਹਵਾ ਨੂੰ ਲੈਂਦੀ ਹੈ

ਚਾਨਣ ਪੀਂਦੀ!
ਚਾਨਣ ਹੋਈ!
ਚਾਨਣ ਦੇ ਵਿਚ ਮੋਈ
ਮਿੱਟੀ ਦੱਸਦੀ ਹੈ
ਮਿੱਟੀ ਵਿਚ
ਇਕ ਉੱਤਮ ਮਿੱਟੀ ਵਸਦੀ ਹੈ

ਮਿੱਟੀ ਦੀ ਖੁਸ਼ਬੋ ਪੀ ਪੀ
ਕ੍ਰਿਮ ਕ੍ਰਿਮ ਹੋਇਆ
ਸਿਰ ਰੱਖ ਤਲੀ ਤ੍ਰੇਲ ਦਾ ਜਾਇਆ
ਸੜਦੇ ਸੂਰਜ ਸ੍ਹਾਵੇਂ
ਆਣ ਖਲੋਇਆ

ਸਿਰ ਦੇਵਣ
ਦੀ ਰੁੱਤ ਦੇ ਮੱਥੇ!
ਕਤਰੇ ਚੰਨ ਬਣਾਇਆ
ਇਕ ਕਤਰੇ ਦੀ ਹਸਤੀ 'ਚੋਂ
ਲੱਖ ਸੂਰਜ ਉੱਗ ਆਇਆ

ਰੁੱਤ ਫਿਰੀ
ਸਮਾਂ ਬਦਲਿਆ
ਬਦਲਿਆ ਚਾਰ-ਚੁਫੇਰਾ
ਗਗਨੀਂ ਜਗ-ਮਗ
ਜਗ-ਮਗ ਕਰਦਾ
ਸੂਰਜ ਤੇਰਾ ਮੇਰਾ

ਗਗਨ ਜਗਾ ਕੇ ਮੱਥੇ ਮਿੱਟੀ
ਮੋਮ ਦੇ ਸ਼ਹਿਰ ਉਸਾਰੇ
ਝਿਲਮਿਲ, ਝਿਲਮਿਲ ਕਰਦੇ ਮੱਥਿਉਂ
ਪੈਰੀਂ ਸਵਰਗ ਉਤਾਰੇ

ਪਾ ਕੇ ਸਮੇਂ 'ਤੇ ਕਾਠੀ
ਮਿੱਟੀ ਤੱਕੇ ਚਾਰ ਚੁਫੇਰੇ
ਲੱਖ ਲੱਖ ਸੂਰਜ ਜਨਮੇਂ ਧਰਤੀ
ਲੱਖ ਲੱਖ ਨਾਲ ਸਵੇਰੇ
ਮਿਟੀ ਨੇ ਹੀ
ਲਿੱਪਣੇ ਪੋਚਣੇ ਸੁਫ਼ਨੇ ਤੇਰੇ ਮੇਰੇ

ਮਿੱਟੀ 'ਚੋਂ ਹੀ ਉੱਗਣੀਆਂ ਨੇ
ਸਿਰ! ਸਿਰਾਂ ਦੀਆਂ ਫ਼ਸਲਾਂ
ਮਿੱਟੀ ਮਾਨਵ! ਮਾਨਵ ਮਿੱਟੀ
ਨਾ ਮਿੱਟੀ! ਨਾ ਮਾਨਵ ਦੀਆਂ ਨਸਲਾਂ

ਓੜ ਕੇ ਗਗਨ ਦੁਆਲੇ
ਮਿੱਟੀ ਲਿਖਦੀ ਹੈ
ਮਿੱਟੀ ਦੇ ਵਿਚ ਵਸਦੀ
ਮਿੱਟੀ ਕਿਸਦੀ ਹੈ

ਇਕ ਅੰਦਰ
ਇਕ ਬਾਹਰ ਪਸਾਰਾ ਮਿੱਟੀ ਦਾ
ਗਰਭਿਣੀ ਮਿੱਟੀ ਦੇ ਵਿਚ ਪਿਘਲੇ
ਬਦਨ ਕੁਆਰਾ ਮਿੱਟੀ ਦਾ

ਚੇਤਨ ! ਅਵਚੇਤਨ ਨੂੰ ਸਿਰਜੇ
ਛਹਿਬਰ ਸੋਚ ਵਿਚਾਰਾਂ ਦੀ
ਬੁੱਧੀ ! ਬੁੱਧੀ ਤਨ ਮਿੱਟੀ ਦਾ
ਉਚਰਣ ਰੂਹ ਗੁਲਜ਼ਾਰਾਂ ਦੀ

ਹਵਾ ਦੀਆਂ ਤੈਹਾਂ ਫੋਲੇ ਮਿੱਟੀ
ਅੱਗ ਦੇ ਛਿਲਕੇ ਲਾਹੇ
ਫੂਕਾਂ ਮਾਰ ਸੁਕਾਏ ਸਾਗਰ
ਪਰਬਤ ਤਲੀ ਉਠਾਏ
ਰਾਹਾਂ ਨੂੰ ਤੁਰਨਾ ਦੱਸੇ
ਪੱਥਰੀਂ ਜੋਤ ਜਗਾਏ

ਗਗਨ ਬੀਜ ਕੇ ਪਿੰਡੇ ਪਿੰਡੇ
ਉਲੀਕੇ ਮੰਜ਼ਲਾਂ, ਰਾਹ
ਧਰਤੀ ਤੇ ਹਰਿਆਵਲ ਬੀਜੇ
ਦਏ ਅੰਬਰੀਂ ਰੁੱਖ ਉੱਗਾ

ਪੜ੍ਹ ਪੜ੍ਹ ਆਪਣਾ ਆਪਾ ਮਿੱਟੀ
ਦਰਦੋਂ ਬਣੇ ਦਵਾ
ਆਪੇ ਆਪਣਾ ਪਿੰਡਾ ਮਿੱਟੀ
ਆਪੇ ਆਪਣੇ ਸਾਹ

ਮਿੱਟੀ ਵਿਚ ਹੀ ਗੁੱਝੇ ਪਏ ਨੇ
ਹਰ-ਮਿੱਟੀ ਦੇ ਚਾਅ
ਆਪੇ ਖ਼ੁਦ ਨੂੰ ਰਾਹ ਦਿਖਾਵੇ
ਆਪੇ ਮਿੱਟੀ ਰਾਹ
ਗਗਨ ਵਸਾ ਕੇ ਚਾਨਣ ਮਿੱਟੀ
ਬਿਨ-ਗਗਨੋਂ, ਮੁੱਠ-ਸਵਾਹ

ਗਗਨ ਜਿਊ ਕੇ ਪਿੰਡੇ ਮਿੱਟੀ
ਆਪਣਾ ਆਪ ਧਿਆਏ
ਛਿੱਲਕੇ ਵਾਂਗੂੰ ਆਪਣੇ ਆਪ ਤੋਂ
ਆਪਾ ਲਾਹੁੰਦੀ ਜਾਏ
ਜਿਉਂ! ਜਿਉਂ!! ਆਪਣੇ ਨੇੜੇ ਹੋਵੇ
ਤੈਂਡੀ ਹੁੰਦੀ ਜਾਏ

ਪੀ ਪੀ ਘੁੱਟ ਚਾਨਣ ਦੇ ਮਿੱਟੀ
ਆਪਣੀ ਹਸਤ ਮਿਟਾਵੇ
ਆਪਣੇ ਪਿੱਛੇ ਪਿੱਛੇ ਹੀ
ਇਕ ਗਗਨ ਸਿਰਜਦੀ ਜਾਵੇ
ਜੋ ਮਿੱਟੀ ਦਾ ਸੱਚ ਕਹਾਵੇ
ਬਿਨ ਮਿੱਟੀਉਂ ਮਰ ਜਾਵੇ

ਭਰ ਕੇ ਗਗਨ ਸਾਹਾਂ 'ਚ ਮਿੱਟੀ
ਦਏ ਜਦੋਂ ਪਰ ਖੋਲ੍ਹ
ਹਵਾ ਦੇ ਫੁੱਲ ਬਣਾਏ ਮਿੱਟੀ
ਰੂਪ ਜਿਨ੍ਹਾਂ ਦੇ ਬੋਲ

ਉਧੇੜੇ ਆਪਣਾ ਅੰਦਰ ਮਿੱਟੀ
ਹਰ ਮਿੱਟੀ ਦੇ ਕੋਲ
ਮਿੱਟੀ ਤਕ ਮਿੱਟੀ ਦਾ ਸਾਧਨ
ਮਿੱਟੀ ਰਚੇ ਅਮੋਲ

ਜਲ ਵਸੇਂਦੀ ਅੱਗ ਪਛਾਣੇ
ਅੱਗ ਵਸੇਂਦਾ ਜਲ
ਆਪਣਾ ਅੱਜ! ਕੱਲ੍ਹ!! ਮਾਂਜ ਮਾਂਜ ਕੇ
ਸਿਰਜੇ ਆਉਂਦਾ ਕੱਲ੍ਹ
ਲਾਹ ਲਾਹ ਸੁਟੇ ਕੁੰਜ ਪੁਰਾਣੀ
ਆਪਣੇ ਬੀਤੇ ਵੱਲ

ਜਨਮੇਂ!
ਆਪਣੇ ਆਪ ਚੋਂ ਮਿੱਟੀ

ਨਵ-ਨਿਕੋਰ ਦਿਸ਼ਾ
ਝਾੜੇ! ਆਪਣੀਆਂ ਪਲਕਾਂ ਤੋਂ
ਘੁਣ ਖਾਧੇ ਹੋਏ ਸਾਹ

ਪੱਥਰਾਂ ਪਿੰਡੇ ਗਤੀਆਂ ਬੀਜੇ
ਜਲ! ਜਲ! ਚੋਂ ਜੋਤ ਜਗਾਏ
ਬਲਦੀ ਅੱਗ ਚੋਂ ਖੁੰਭਾਂ ਵਰਗੇ
ਬੱਦਲ ਜਣਦੀ ਜਾਏ

ਉਦਾਸ!
ਉਦਾਸ!! ਖਲਾਅ 'ਚ ਮਿੱਟੀ
ਜਗ-ਜਗ ਕਰਦੇ
ਕਿਰਨਾਂ ਦੇ ਸ਼ਹਿਰ ਉੱਗਾਏ
ਧਰਤੀ ਤੋਂ ਲੈ ਅੰਬਰ ਤੀਕਣ
ਰੌਣਕਾਂ ਬੀਜਦੀ ਜਾਏ

ਗੁੰਨ੍ਹ ਕੇ ਅੰਬਰ ਪਿੰਡੇ ਮਿੱਟੀ
ਦਰ ਅੰਦਰ ਦਾ ਖੋਲ੍ਹੇ
ਆਪਣੇ ਆਸੇ ਪਾਸੇ ਵਸਦਾ
ਹਰ ਇਕ ਚੇਹਰਾ ਫੋਲੇ

ਤੱਕੇ, ਨੈਣ ਪਰਾਇਆਂ ਰਾਹੀਂ
ਆਪਣਾ ਅੰਦਰ ਬਾਹਰ
ਰੱਖ ਰੱਖ ਤਲੀਏ ਤੋਲੇ ਆਪਣਾ
ਕੂੜਾ ਤੇ ਸਚਿਆਰ

ਠਹਿਰੇ!
ਇਕ ਪਲ ਆਪਣੇ ਅੰਦਰ ਬਾਹਰ
ਆਪਣੀ ਮੈਂ ਦੁਆਲੇ ਬੁਣਦੀ
ਤੂੰ ਦਾ ਇਕ ਸੰਸਾਰ
ਆਪਣੀ ਮੈਂ ਤਕ! ਤੂੰ ਹੈਂ ਮਿੱਟੀ!!
ਤੂੰ ਤਕ ਹੈਂ ਕਰਤਾਰ !!!

ਗਗਨ ਵਸਾ ਕੇ ਪਿੰਡੇ ਮਿੱਟੀ
ਧਰਤੀ ਕੱਛਦੀ! ਅੰਬਰ ਨਹਾਉਂਦੀ!!
ਸਾਗਰ ਤੁਰਦੀ!!!
ਟੁੱਕੜਾ ਟੁੱਕੜਾ ਸਮਾਂ ਗੁਆਚਾ
ਲੱਭ ਲੱਭ ਇਕੱਠਾ ਕਰਦੀ

ਜਲ ਦੀ ਦੇਹੀ ਖੁਰਿਆ ਖੁਰਿਆ
ਗਗਨ ਦਾ ਪਿੰਡਾ ਫੜਦੀ
ਆਪਣੇ ਸਨਮੁੱਖ
ਗਗਨ ਵਸੇਂਦੀ ਮਿੱਟ੍ਹੀ ਦਾ
ਤਿੜਕਿਆ ਸ਼ੀਸ਼ਾ ਧਰਦੀ

ਤੱਕਦੀ ਹੈ!
ਚੇਹਰਾ, ਨਕਸ਼, ਹੱਥਾਂ, ਪੈਰਾਂ, ਬਾਹਾਂ ਨੂੰ
ਲਹਿਰਾਂ ਦੇ
ਥਪੇੜੇ ਖਾਂਦੇ ਤੱਣਿਆਂ ਚੋਂ
ਪਾਣੀ ਵਿਚ ਗੁਆਚੀਆਂ
ਹਰੀਆਂ ਛਾਵਾਂ ਨੂੰ

ਤੱਕਦੀ ਹੈ!
ਜੰਗਾਲਿਆ ਹੋਇਆ ਸਮੇਂ ਦਾ ਚੇਹਰਾ
ਸੀ ਜੋ ਕੱਲ੍ਹ, ਅੱਜ ਵੀ ਮੇਰਾ
ਭਾਸ਼ਾ! ਬੋਲੀ!
ਸਿੱਕੇ! ਤਖ਼ਤ ਦਰਬਾਰਾਂ ਨੂੰ

ਸਿਰ ਲਾਹ ਲਾਹ
ਜਿਨ੍ਹਾਂ ਧਰਤੀ ਰੰਗੀ
ਹੱਥਾਂ ਵਿਚਲੇ
ਜਲ-ਚੱਬੇ ਉਜ਼ਾਰਾਂ ਨੂੰ

ਅਥਰੂ! ਹੋਈ ਮਿੱਟੀ ਤੱਕੇ
ਤਰਦੇ ਹੋਏ ਲੋਕਾਂ ਨੂੰ
ਡੁੱਬ ਗਈਆਂ ਸਰਕਾਰਾਂ ਨੂੰ

ਪਤਝੜ ਹੀ ਹੈ ਰੁੱਤ ਸੁਹਾਣੀ
ਕਲਪਣ ਲਈ ਬਾਹਰਾਂ ਨੂੰ

ਗਗਨ ਵਸਾ ਕੇ ਨੈਣੀਂ ਮਿੱਟੀ
ਪਹੁੰਚੇ ਆਪਣੇ ਕੋਲ
ਨਵੀਂ ਨਿਕੋਰ ਮਿੱਟੀ ਦੀ ਕਾਇਆ
ਨਵੇਂ ਨਿਕੋਰ ਬੋਲ
ਸੱਜਰੀ ਸੱਜਰੀ ਮਹਿਕ ਦੁਆਲੇ
ਵਿਚ ਮਿੱਟੀ ਅਨਮੋਲ

ਆਪਣਾ ਸਾਇਆ ਉਂਗਲੀ ਲਾ ਕੇ
ਤੋਰੇ ਆਪਣੇ ਨਾਲ
ਚੀਰਦੀ ਜਾਏ ਹਨ੍ਹੇਰ ਦਾ ਪਿੰਡਾ
ਮੱਥੇ ਅੰਬਰ ਬਾਲ

ਆਪੇ ਪ੍ਰਸ਼ਨ! ਆਪੇ ਉਤਰ!
ਆਪੇ ਵਾਦ-ਵਿਵਾਦ
ਆਪੇ ਹੁਕਮ ਕਰੇ ਖ਼ੁਦ ਤਾਈਂ
ਆਪੇ ਪੀਰ ਮੁਰਾਦ

ਮਿੱਟੀ ਦੀ ਹੈ ਕੁੱਖ ਧਰਤੀ
ਹੈ ਧਰਤੀ ਦੀ ਕਿਹੜੀ ਕੁੱਖ
ਭੁੱਖ ਮਿੱਟੀ ਦੀ ਬੀਜਦੀ ਜਾਵੇ
ਸਾਗਰ ਪਿੰਡੇ
ਬਰਕ ਦੇ ਨਿੱਘੇ ਨਿੱਘੇ ਰੁੱਖ

ਅਨੁਭਵ ਦੇ ਵਿਚ
ਜੁਗਨੂੰ ਵਰਗੀ ਟਹਿਕੇ ਇਕ ਸਵੇਰ
ਥਲ ਵੀ ਫੋਲੇ, ਜਲ ਵੀ ਫੋਲੇ
ਫੋਲੇ ਅੰਦਰ ਬਾਹਰ
ਮੈਂ ਹਾਂ ਜਿਸ ਮਿੱਟੀ ਦੀ ਮਿੱਟੀ
ਕੌਣ ਹੈ!

## ਉਸਦਾ ਸਿਰਜਣਹਾਰ

ਫੋਲੇ!
ਇਕ ਇਕ ਤਹਿ ਅੰਬਰ ਦੀ
ਲੱਭੇ ਧਰਤ ਦਾ ਜਨਮ-ਸਥਾਨ
ਚੱਪਾ ਚੱਪਾ ਗੌਹਦੀ ਮਿੱਟੀ
ਗਗਨ ਵਸਾ ਪਿੰਡੇ ਅਸਮਾਨ

ਚੰਨ!
ਸਿਤਾਰੇ
ਸੂਰਜ!
ਮਿੱਟੀ ਭੋਰ ਭੌਰ ਕੇ ਤੱਕੇ
ਮਿੱਟੀ!
ਧਰਤ ਦੀ ਮਿੱਟੀ ਖਾਤਿਰ
ਗਗਨ-ਮੰਡਲ ਦੀ ਗੋਂਦ ਉਧੇੜ ਕੇ ਰੱਖੇ

ਅੱਖੀਆਂ ਵਿਚ
ਲੈ ਲੈ ਫਿਰਦੀ ਦਾ
ਸੁਫ਼ਨਾ ਪੂਰਾ ਹੋਇਆ
ਧਰਤੀ ਦੀ ਜਣਨੀ ਦਾ ਪਿੰਡਾ
ਜਦ ਮਿੱਟੀ ਹੱਥੀਂ ਛੋਹਿਆ

ਗਗਨ ਸਿਮਟਦੀ ਮਿੱਟੀ ਨੇ
ਅੱਜ ਆਪਣੀ ਹੋਂਦ ਪਛਾਣੀ
ਧਰਤੀ ਤੋਂ ਲੈ ਅੰਬਰ ਤੀਕਣ
ਹੈ ਆਪੇ ਆਪਣੀ ਹਾਣੀ

-0-

## ਮਿੱਟੀ-ਗੁੱਝੀ-ਹਵਾ

ਮੈਂ!
ਤੇਰੇ ਚੋਂ ਰੋਜ਼ ਜਨਮਦਾ ਹਾਂ
ਰੋਜ਼ ਬਿਨਸਦਾ ਹਾਂ
ਅੱਜ ਮੇਰੀ ਨਜ਼ਰ 'ਚ
ਤੇਰਾ! ਪ੍ਰਸ਼ਨ-ਚਿੰਨ੍ਹ ਬਣ ਕੇ
ਉੱਗਣ ਦਾ ਸਬੱਬ
ਕਿਤੇ ਮੇਰੀ ਮਿੱਟੀ 'ਚੋਂ
ਹਵਾ ਨਿਖੇੜਨੀ
ਜਾਂ ਆਪਣੀ ਮਿੱਟੀ 'ਚੋਂ
ਹਵਾ ਜਨਮਣੀ ਹੀ ਤਾਂ ਨਹੀਂ

## ਮਿੱਟੀ-ਗੁੱਝੀ-ਹਵਾ

ਹਵਾ ਹੀ ਹੈ
ਜਿਸ ਸਦਕਾ ਮਿੱਟੀ
ਆਪਣੇ ਅੰਦਰ ਲਹਿੰਦੀ ਹੈ
ਆਪਣੀ ਧੁੱਪੇ ਆਪ ਨਹਾ ਕੇ
ਆਪਣੀ ਛਾਵੇਂ ਬਹਿੰਦੀ ਹੈ
ਰਗਾਂ 'ਚ ਗਿੜਦੇ
ਲਹੂ ਨੂੰ ਮਿੱਟੀ ਪੈਰ ਪੈਰ 'ਤੇ ਦੱਸਦੀ ਹੈ
ਹਵਾ ਦੇ ਸਦਕਾ
ਮਿੱਟੀ ਮੱਥੇ
ਮਿੱਟੀ ਦੀ ਆਂਦਰ ਜਗਦੀ ਹੈ

## ਮਿੱਟੀ-ਗੁੱਝੀ ਹਵਾ

ਮਿੱਟੀ ਗੁੱਝੀ ਹਵਾ
ਹੀ ਮਿੱਟੀ ਕੋਲ ਹੈ
ਮਿੱਟੀ ਗੁੱਝੀ ਹਵਾ
ਹੀ ਮਿੱਟੀ-ਬੋਲ ਹੈ

ਮਿੱਟੀ!
ਹਵਾ ਦੀ ਬੁਕਲੇ ਬਹਿੰਦੀ ਹੈ
ਹਵਾ ਬੁਕਲ ਵਿਚ ਲੈਂਦੀ ਹੈ
ਹਵਾ ਨਾਲ ਗੱਲਾਂ ਕਰਦੀ ਹੈ
ਹਵਾ ਦਾ ਸਾਗਰ ਤਰਦੀ ਹੈ

ਮਿੱਟੀ ਦਾ ਦੀਵ਼ਾ
ਹਵਾ ਦੀ ਤਲੀਏ ਜਗਦਾ ਹੈ
ਦੀਵੇ ਦੀ ਦੇਹੀ
ਹਵਾ ਦਾ ਪਿੰਡਾ ਬਲਦਾ ਹੈ

ਹਵਾ ਹੀ ਹੈ
ਜੋ ਮਿੱਟੀ ਤੋਂ ਮਿੱਟੀ ਤਕ ਵਗਦੀ ਹੈ
ਹਵਾ ਮਿੱਟੀ ਨੂੰ
ਮਿੱਟੀ ਦਾ ਅੰਦਰ ਦੱਸਦੀ ਹੈ

ਹਵਾ ਹੀ ਹੈ
ਜੋ ਜਲ, ਥਲ ਅਗਨ 'ਚ ਵਸਦੀ ਹੈ

ਜਿਸ ਸਦਕਾ ਮਿੱਟੀ
ਚੰਗੀ ਚੰਗੀ ਲੱਗਦੀ ਹੈ

ਹਰਾ ਹੈ ਪੱਤਾ ਪੱਤਾ
ਰੁੱਖ ਜਿਉਂਦੇ ਨੇ
ਡਾਲੀ ਦੇ ਨਾਲ ਝੂਲਦੇ ਫੁੱਲ
ਨਿਉਂਦੇ ਨੇ

ਝੁਕ! ਝੁਕ!!
ਆਪਣੀ ਕੁੱਖ ਦੀ ਮਿੱਟੀ ਚੁੰਮਦੇ ਨੇ
ਜੜ੍ਹ 'ਚੋਂ ਲੋਰੀ
ਮਾਂ ਦੇ ਦੁੱਧ ਦੀ ਸੁਣਦੇ ਨੇ

ਹਵਾ ਦੇ ਸਦਕਾ ਮਿੱਟੀ
ਆਪਣਾ ਅੰਦਰ ਭਰਦੀ ਹੈ
ਤਿੱਤਲੀ ਦੀ ਅੱਖ 'ਚ ਬਹਿੰਦੀ ਹੈ
ਭੌਰੇ ਦਾ ਪਿੰਡਾ ਤਰਦੀ ਹੈ

ਰੁੱਖਾਂ ਚੋਂ
ਚੋਅ ਚੋਅ ਹਰਿਆਵਲ
ਧੁੱਪਾਂ ਦੇ ਵਿਚ ਘੁਲਦੀ ਹੈ
ਮਿੱਟੀ ਦੇ ਨਿੱਘਿਆਂ ਸਾਹਾਂ ਦੀ
ਖੁਸ਼ਬੂ ਧਰਤੀ ਵਿਚ ਰਲਦੀ ਹੈ

ਹਵਾ ਦੇ ਸਦਕਾ
ਮਿੱਟੀ ਆਪਣੇ ਸੰਸਕਾਰ ਬਣਾਉਂਦੀ ਹੈ
ਮਿੱਟੀਉਂ ਬੁੱਤ
ਬੁੱਤ 'ਚੋਂ ਕਾਰ ਕਹਾਉਂਦੀ ਹੈ

ਆਪਣਾ ਗਗਨ ਸਜਾਉਂਦੀ ਹੈ
ਚੌਂਕੇ ਵਿਚ ਪੋਚੇ ਲਾਉਂਦੀ ਹੈ

ਸੁੱਚੇ ਜਲ ਦੇ ਛਿੱਟੇ ਦੇ ਫਿਰ
ਆਪਣਾ ਆਪ ਧਿਆਉਂਦੀ ਹੈ

ਕਦੀ!
ਚੇਹਰਾ ਬਣ ਬਣ ਬਹਿੰਦੀ ਹੈ
ਕਦੀ ਸ਼ੀਸ਼ਾ ਹੋ ਹੋ ਜਾਂਦੀ ਹੈ
ਇਸ ਵੇਲੇ ਮਿੱਟੀ
ਮਿੱਟੀ ਦੀ ਸਿਰਜਣਹਾਰ ਕਹਾਉਂਦੀ ਹੈ

ਹਵਾ ਜੇ ਵਗੇ ਮਿੱਟੀਏ
ਰੰਗ ਬਦਲਦੇ ਹਨ
ਪੱਥਰਾਂ ਦੇ ਪਿੰਡਿਆਂ 'ਚੋਂ
ਵੇਗ ਜਨਮਦੇ ਹਨ

ਹਵਾ ਜੇ ਬੀਜੇ ਨਕਸ਼
ਤਾਂ ਮਿੱਟੀ ਜਣਦੀ ਹੈ
ਨਕਸ਼ਾਂ ਚੋਂ
ਨਕਸ਼ਾਂ ਦੇ ਨਕਸ਼ ਸਿਰਜਦੀ ਹੈ

ਸਿਰ ਟਿਕਾ ਕੇ ਤਲੀਏ
ਜਦੋਂ ਨਿਕਲਦੀ ਹੈ
ਵਗ ਵਗ ਚਾਰ ਚੁਫੇਰੇ
ਸਮਾਂ ਬਦਲਦੀ ਹੈ

ਮਿੱਟੀ ਗੁੱਝੀ ਹਵਾ
ਹੀ ਚਕਰ-ਕਾਲ ਹੈ
ਰਾਹ, ਦਿਸ਼ਾਵਾਂ, ਲੋਕ ਲੋਕਾਈ
ਮਾਨਵ ਦੇ ਲਈ ਇਹੀ
ਅੱਜ ਸਵਾਲ ਹੈ

ਹਵਾ!
ਜਾਂ ਮਿੱਟੀਏ ਵਗਦੀ ਹੈ
ਤਾਂ ਹਰ ਖਿਡਾਉਣੇ ਦੀ ਮਿੱਟੀ ਨੂੰ
ਲਹੂ 'ਚ ਗੋ ਗੋ ਰੱਖਦੀ ਹੈ

ਹਵਾ!
ਮਿੱਟੀ ਨੂੰ ਦੱਸਦੀ ਹੈ
ਮਿੱਟੀ ਦੀ ਦੁਨੀਆਂ 'ਚ
ਮਿੱਟੀ ਵਸਦੀ ਹੈ

ਮੁੜ੍ਹਕੇ ਵਿਚ ਘੁਲਿਆ
ਰੰਗ ਚਾਨਣ ਦਾ
ਕੈਨਵਸ ਦੇ ਬੁੱਲ੍ਹੀਂ ਲਾਉਂਦੀ ਹੈ
ਡੋਬ ਕੇ
ਉਂਗਲਾਂ ਆਪਣੇ ਲਹੂ 'ਚ
ਰੋਟੀ ਦੇ ਨਕਸ਼ ਬਣਾਉਂਦੀ ਹੈ

ਮਿੱਟੀ ਆਪਾ ਫੋਲੇ
ਹਵਾ ਪਛਾਣਨ ਲਈ
ਮਿੱਟੀ ਹਵਾ ਪਛਾਣੇ
ਆਪਾ ਜਾਨਣ ਲਈ

ਮਿੱਟੀ ਆਪਾ ਬੀਜੇ
ਹਵਾ ਦੀ ਜੀਭਾ 'ਤੇ
ਮਿੱਟੀ!
ਮਿੱਟੀ ਉਚਰੇ ਚੜ੍ਹ ਸਲੀਬਾਂ 'ਤੇ

ਵੇਖਣ ਦੇ ਲਈ
ਸੱਜਰੇ, ਸੁੱਚੇ ਮੁੱਖ ਕਚੂਰ ਬਹਾਰਾਂ ਦੇ
ਮਰ ਜਾਵਣ ਲਈ ਚੁੰਮਦੀ ਮੱਥੇ
ਨਵ-ਦੁਨੀਆਂ ਸਿਰਜਣਹਾਰਾਂ ਦੇ

ਜੇ ਮਿੱਟੀ
ਮਿੱਟੀ ਨੂੰ ਧੁਰ ਤਕ ਜਾਣ ਲਏ
ਮਿੱਟੀ ਆਪਣੇ ਹੀ ਸਿਰ 'ਤੇ
ਮਿੱਟੀ ਦਾ ਅੰਬਰ ਤਾਣ ਲਏ
ਮਿੱਟੀ ਦੀ ਬੁਕਲ ਮਾਰ ਲਏ
ਪੱਬ ਟਿਕਾ ਕੇ ਧਰਤੀ 'ਤੇ
ਮਿੱਟੀ ਦਾ ਸੂਰਜ ਚਾੜ੍ਹ ਲਏ

ਹਵਾ ਹੀ ਹੈ
ਜਿਸ ਸਕਦਾ ਮਿੱਟੀ
ਆਪਣੇ ਅੰਦਰ ਲਹਿੰਦੀ ਹੈ
ਆਪਣੀ ਧੁੱਪੇ ਆਪ ਨਹਾ ਕੇ
ਆਪਣੀ ਛਾਵੇਂ ਬਹਿੰਦੀ ਹੈ

ਰਗਾਂ 'ਚ ਗਿੜਦੇ
ਲਹੂ ਨੂੰ ਮਿੱਟੀ
ਪੈਰ ਪੈਰ ਤੇ ਦੱਸਦੀ ਹੈ
ਹਵਾ ਦੇ ਸਦਕਾ
ਮਿੱਟੀ ਮੱਥੇ
ਮਿੱਟੀ ਦੀ ਆਂਦਰ ਜਗਦੀ ਹੈ

ਇਹ ਆਂਦਰ
ਛਾਵਾਂ ਤੋਂ ਵੱਖਰੀ
ਧੁੱਪਾਂ ਤੋਂ ਨਿਆਰੀ
ਪੌਣ! ਗਗਨ! ਇਹਦੇ ਚਾਵਾਂ ਵਰਗੇ
ਚਾਨਣ ਵਿਚ
ਇਹ ਸਾਹ ਚਾਨਣ ਦਾ
ਉੱਤਮ ਤੇ ਕਰਤਾਰੀ

ਇਸ ਦੇ ਰੰਗ 'ਚੋਂ
ਹਰ ਰੰਗ ਜਨਮੇ

ਇਹ ਸਭ ਦੀ ਸਿਰਜਣਹਾਰੀ
ਇਸ ਦਾ ਰੰਗ
ਅਨੁਭਵ ਹੰਢਾਵੇ
ਨਾ ਜੀਭਾ ਦੱਸਣ ਹਾਰੀ

ਇਹ ਆਂਦਰ
ਹਰ ਆਂਦਰ ਦੀ ਆਂਦਰ
ਹਰ ਆਂਦਰ ਵਿਚ ਤੁਰਦੀ ਹੈ
ਯੁਗ, ਯੁਗ ਜੁੜ ਜੁੜ ਆਂਦਰ
ਨੂਰ! ਨੂਰ ਦਾ ਬੁਣਦੀ ਹੈ

ਇਹ ਆਂਦਰ ਕਿਰਨ ਕਿਰਨ
ਮਿੱਟੀ, ਮਿੱਟੀ ਵਸੇ
ਹਵਾ ਜਿਉਂਦੀ ਮਿੱਟੀ ਨੂੰ
ਮੁੱਲ ਮਿੱਟੀ ਦਾ ਦੱਸੇ
ਚਾਨਣ ਦੇ ਵਿਚ ਚਾਨਣ
ਕਿਰਨਾਂ ਵਿਚ ਚਾਨਣ ਵੱਸੇ

ਹਵਾ ਤੋਰ ਦੇ ਦੇਹੀ ਮਿੱਟੀ
ਆਪਣਾ ਅਸਲ ਪਛਾਣੇ
ਮਿੱਟੀ ਦੇ ਲਈ ਜਿਉਣਾ ਸਿੱਖੇ
ਮਿੱਟੀ ਲਈ ਮਰਨਾ ਜਾਣੇ

ਰੰਗੇ ਆਪਣਾ ਆਪ ਲਹੂ 'ਚ
ਸਿਰਜੇ ਰਾਹ ਦਿਸ਼ਾਵਾਂ
ਜਰ ਨਾ ਸਕੇ ਪੀੜ ਮਿੱਟੀ ਦੀ
ਸੜ ਸੜ ਜੰਮੇ ਛਾਵਾਂ

ਮਰਦੀ ਹਿੱਤ ਪਰਾਏ ਖ਼ਾਤਿਰ
ਬੰਦ ਬੰਦ ਕਟਵਾਉਂਦੀ
ਤਲੀਏ! ਆਪਣਾ ਸੀਸ ਟਿਕਾ ਕੇ
ਪੁੱਠੀ ਖੱਲ ਲਹਾਉਂਦੀ

ਚੁੰਮਦੀ ਹੱਸ ਹੱਸ ਫਾਂਸੀ ਮਿੱਟੀ
ਰੰਗਦੀ ਚਾਰ ਚੁਫੇਰਾ
ਆਪਣੇ ਲਹੂ 'ਚ ਮਲ ਮਲ ਧੋਂਦੀ
ਮਾਨਵਤਾ ਦਾ ਚੇਹਰਾ

ਢਾਹੁੰਦੀ ਸਭ ਹੱਦਾਂ ਤੇ ਬੰਨੇ
ਜਿਥੇ ਕਰੇਂ ਵਸੇਰਾ
ਸਾਂਝੀ ਧਰਤੀ, ਸਾਂਝਾ ਅੰਬਰ
ਵਿਚ ਸੂਰਜ ਤੇਰਾ ਮੇਰਾ

ਡਾਲੀ! ਡਾਲੀ!
ਪੱਤਾ, ਪੱਤਾ ਖੇਡਣ ਪੌਣਾਂ ਸੰਗ
ਗੁਲਸ਼ਨ ਦੇ ਇਕ ਰੰਗ ਸਮਾਏ
ਵੰਨ-ਸੁਵੰਨੇ ਰੰਗ

ਰੰਗ! ਰੰਗਾਂ 'ਚੋਂ ਉੱਚਾ ਸੁੱਚਾ
ਮਾਨਵ ਜਿਸ ਦਾ ਨਾਂਅ
ਦੁਨੀਆਂ ਦੇ ਚਮਨ 'ਚ
ਉਸਦੀ! ਸਭ ਤੋਂ ਉੱਚੀ ਥਾਂ

ਭਰ ਭਰ ਘੁੱਟ ਹਵਾ ਦੇ ਮਿੱਟੀ
ਸਿਰਜੇ ਆਪਣਾ ਆਪ
ਜਨਮੇ ਮਿੱਟੀ ਦੀ ਕੁੱਖੋਂ
ਮਿੱਟੀ ਦਾ ਵਿਸਥਾਰ

ਨਕਸ਼! ਨਕਸ਼!!
ਪੱਤਾ! ਪੱਤਾ!!
ਤੋਰ ਲੰਮੇਰੀ ਟਹਿਣੀ
ਫੁੱਲਾਂ ਵਰਗੇ ਬੋਲਾਂ ਦੀ
ਖੁਸ਼ਬੋਆਂ ਵਰਗੀ ਕਹਿਣੀ
ਰੁੱਖਾਂ ਵਰਗੀ ਸੋਚ ਜਿਉਂਦੀ
ਛਾਵਾਂ ਵਰਗੀ ਰਹਿਣੀ

ਧੁੱਪਾਂ ਪੀ ਪੀ ਸਿਰਜੇ ਮਿੱਟੀ
ਸ਼ੀਸ਼ੇ ਦੀ ਉਠਣੀ-ਬਹਿਣੀ

ਗਗਨ! ਖਲਾਅ
ਜਲ! ਥਲ! ਖਿਡਾਉਣੇ
ਰੱਖੇ ਨਾਲੋ ਨਾਲ
ਆਪਣੀ ਗੋਦ ਖਿਡਾਵੇ ਮਿੱਟੀ
ਆਉਣ ਵਾਲਾ ਸੰਸਾਰ

ਜੈ ਮਾਨਵ! ਜੈ ਮਾਨਵਤਾ ਦੀ
ਕਰਦੀ ਜੈ ਜੈ ਕਾਰ
ਮੱਥੇ ਪੌਣ ਜਗਾ ਕੇ ਮਿੱਟੀ
ਜੋ ਅੰਦਰ ਸੋ ਬਾਹਰ

ਰੰਗ ਕੇ ਹਵਾ 'ਚ ਆਪਾ ਮਿੱਟੀ
ਸੁੱਧ-ਬੁੱਧ ਕਰੇ ਲਾਤੀਫ਼
ਆਉਣ ਵਾਲੇ ਸਮੇਂ ਦੇ ਮਿੱਟੀ
ਲਿਖਦੀ ਅੱਜ ਨਸੀਬ

ਚਿੰਤਨ ਬੀਜੇ
ਚਿੰਤਨ ਜੀਵੇ
ਚਿੰਤਨ ਦਾ ਕਰੇ ਪਸਾਰ
ਪੈਰ ਪੈਰ ਤੇ ਆਪਾ ਪੜ੍ਹਦੀ
ਜਗਦੀ!
ਤੁਰਦੀ ਵਿਚ ਅੰਧਕਾਰ

ਚੀਰ ਹਨ੍ਹੇਰਾ ਤੱਕੇ ਮਿੱਟੀ
ਚਾਨਣ ਦੀ ਇਕ ਲੀਕ
ਗਤੀਆਂ ਬੀਜਦੀ ਮਿੱਟੀ ਦੀ
ਜਿਹਦੇ ਮੱਥੇ ਬਲੇ ਉੱਡੀਕ
ਫਿਰ ਦੀਵਿਉਂ ਦੀਵੇ...
ਦੀਵਿਉਂ ਸੂਰਜ...

ਚਾਨਣ
ਇਸ! ਉਸ ਪਾਰ!!
ਚਾਨਣ ਦੀ ਇਕ ਲੀਕ ਦੇ ਪਿੰਡਿਉਂ
ਉੱਗਦਾ ਆਵੇ
ਫੈਲਦਾ ਜਾਵੇ
ਚਾਨਣ ਦਾ ਸੰਸਾਰ

ਹਵਾ ਦੇ ਚਾਨਣ ਭਿੱਜੀ ਮਿੱਟੀ
ਉੱਤਮ ਤੇ ਸਮਰੱਥ
ਬੀੜੇ ਮਿੱਟੀ, ਮਿੱਟੀ ਦੇ ਲਈ
ਮਿੱਟੀ ਸਿਰਜਿਆ ਰੱਥ
ਮਿੱਟੀ ਦੀ ਹੀ
ਜੈ ਜੈ ਹੋਵੇ ਚੌਹ ਦਿਸ਼ਾਵਾਂ ਵੱਲ

ਮਿੱਟੀ ਲੈ ਆਈ ਮਿੱਟੀ ਲਈ
ਰੋਜ਼ੀ ਰਿਜ਼ਕ ਤੇ ਕਾਰ
ਮਿੱਟੀ ਦੇ ਹੀ ਲੋਕ ਸਦੀਵਨ
ਮਿੱਟੀ ਦੀ ਸਰਕਾਰ

ਰੋੜ੍ਹ ਕੇ ਲੈ ਗਿਆ ਹੜ੍ਹ ਲੋਕਾਂ ਦਾ
ਝੂਠਾ ਸਭ ਕੁੱਝ ਨਾਲ
ਆਪਣੇ ਪਿੱਛੇ ਛੱਡਦਾ ਜਾਵੇ
ਸੁੱਚਾ, ਸੱਚਾ ਮਿੱਟੀ ਦਾ ਸੰਸਾਰ

ਹਵਾ 'ਚ ਡੋਬ ਕੇ ਉਂਗਲਾਂ ਮਿੱਟੀ
ਐਸੇ ਲਿਖੇ ਸੰਯੋਗ
ਕਤਰਾ ਕਤਰਾ ਸਾਗਰ ਹੋਇਆ
ਸਾਗਰ ਸਾਗਰ ਲੋਕ

ਆਪਣਾ
ਆਪ ਜਗਾ ਕੇ ਮਿੱਟੀ

ਜੋਤੋਂ ਚਾਨਣ ਹੋਈ
ਮਣਕਾ! ਮਣਕਾ ਮਾਨਵ!
ਮਿੱਟੀ! ਮਾਨਵਤਾ ਵਿਚ ਪਰੋਈ
ਮਾਨਵ! ਮਾਨਵਤਾ ਹੋਇਆ
ਮਾਨਵਤਾ! ਮਾਨਵ ਹੋਈ

ਨੂਰੋ ਨੂਰ ਮਿੱਟੀ ਦਾ ਪਿੰਡਾ
ਨੂਰੋ ਨੂਰ ਲੋਕਾਈ
ਹਵਾ ਵਸਾ ਕੇ ਪਿੰਡੇ ਮਿੱਟੀ
ਹਰ ਮਿੱਟੀ ਵਿਚ ਸਮਾਈ

ਮਿੱਟੀ ਵਿਚ ਮਿੱਟੀ ਨੇ
ਮਿੱਟੀ ਦੀ ਜੋਤ ਜਗਾਈ
ਆਪੇ ਦੀਵਾ ਆਪੇ ਬੱਤੀ
ਆਪੇ ਹੀ ਰੌਸ਼ਨਾਈ

ਸੱਜਰੇ ਮੌਸਮ! ਨਵੀਆਂ ਰੁੱਤਾਂ!!
ਚਾਨਣ ਛਹਿਬਰ ਲਾਈ
ਹਰ ਪਾਸੇ
ਮਿੱਟੀ ਦਾ ਚੇਹਰਾ
ਮਿੱਟੀ ਖ਼ੁਦ ਖ਼ੁਦਾਈ

ਧਰਤੀ ਤੇ ਬੀਜਣ ਲਈ ਹਾਸੇ
ਪੌਣ ਵਸਾ ਕੇ ਪਿੰਡੇ ਮਿੱਟੀ
ਅੰਬਰੋਂ ਉਤਰ ਆਈ

-0-

## ਮਿੱਟੀ-ਗੁੱਝੀ-ਅਗਨ

ਮੈਂ।
ਤੇਰੇ ਚੋਂ ਰੋਜ਼ ਜਨਮਦਾ ਹਾਂ
ਰੋਜ਼ ਬਿਨਸਦਾ ਹਾਂ
ਅੱਜ ਮੇਰੀ ਨਜ਼ਰ 'ਚ
ਤੇਰਾ! ਪ੍ਰਸ਼ਨ-ਚਿੰਨ੍ਹ ਬਣ ਕੇ
ਉੱਗਣ ਦਾ ਸਬੱਬ
ਕਿਤੇ ਮੇਰੀ ਮਿੱਟੀ ਚੋਂ
ਅਗਨ ਨਿਖੇੜਣੀ
ਜਾਂ ਆਪਣੀ ਮਿੱਟੀ ਚੋਂ
ਅਗਨ ਜਨਮਣੀ ਹੀ ਤਾਂ ਨਹੀਂ

# ਮਿੱਟੀ-ਗੁੱਝੀ-ਅਗਨ

ਆਵੇ ਨਜ਼ਰ
ਨਾ ਆਪਣਾ ਸਾਨੀ
ਅੱਡੀਆਂ ਚੁੱਕ ਚੁੱਕ ਤੱਕੇ
ਕੱਛੇ ਮਾਰ ਕੇ ਸੂਰਜ
ਪੈਰੀਂ ਚੰਨ ਵਿਛਾ ਕੇ ਰੱਖੇ
ਬਹਿੰਦੀ। ਉੱਚੀ, ਉੱਚੀ ਹੋ ਕੇ
ਨਾ ਭੌਂਅ ਤੇ ਪੈਰ ਟਿਕਾਵੇ
ਮੁੱਠਾਂ ਦੇ ਵਿਚ ਭਰ ਭਰ ਤਾਰੇ
ਅੰਬਰ ਮਿੱਧਦੀ ਜਾਵੇ

# ਮਿੱਟੀ-ਗੁੱਝੀ ਅਗਨ

ਅੱਗਾਂ ਚੱਬਦੀ, ਜਣਦੀ ਮਿੱਟੀ
ਜਦ ਵੀ ਤੱਕੇ ਬਾਹਰ
ਸ਼ੂਕ ਸ਼ੂਕ ਕੇ ਜੰਗਲ ਫੂਕੇ
ਲਾਵਾ ਕਰੇ ਪਹਾੜ

ਰੁੱਖ!
ਆਪਣੀ ਹਰਿਆਵਲ ਬੁੱਕਣ
ਬੁੱਕੇ ਅੱਗ ਬਹਾਰ
ਅੱਗ ਹੀ ਬੀਜੇ
ਅੱਗ ਹੀ ਉੱਗੇ
ਅੱਗ ਦਾ ਹੋਏ ਪਸਾਰ

ਅੱਗ ਹੰਢਾਏ
ਅੱਗ ਦਾ ਪਿੰਡਾ
ਅੱਗ ਦੀ ਬੁੱਕਲ ਮਾਰ
ਛਾਲਾ ਕਰੇ ਸਾਗਰ ਦੀ ਦੇਹੀ
ਜਲ ਵਿਚ ਨਕਸ਼ ਉਤਾਰ

ਸਿੰਮੇ!
ਹਵਾ ਦੇ ਪਿੰਡੇ ਵਿਚੋਂ
ਪਾਣੀ ਹੋਈ ਅੱਗ
ਧਰਤ ਦੁਆਲੇ ਗਾਉਂਦੇ ਜਲ ਦਾ
ਦਏ ਕੰਠ ਫੂਕ ਕੇ ਰੱਖ

ਅਗਨ ਵਸਾ ਕੇ ਪਿੰਡੇ ਮਿੱਟੀ
ਮਿੱਟੀਉਂ ਅਗਨ ਹੋ ਜਾਏ

ਚੱਬ! ਚੱਬ!
ਧਰਤੀ ਦੀ ਹਰਿਆਵਲ
ਥਲ ਉੱਗਲਦੀ ਜਾਏ

ਰੰਗੇ ਆਪਣਾ ਆਪਾ ਮਿੱਟੀ
ਲਹੂ ਅਗਨ ਦੇ ਸੰਗ
ਮਿੱਟੀ ਦੀ ਪ੍ਰਵਿਰਤੀ ਜਨਮੇਂ
ਮਾਨਵ-ਖਾਣੀ ਗੰਧ

ਐਸੀ ਚੜ੍ਹੇ ਅਗਨ ਦੇ ਸਿੰਙੀ
ਵਿਸਰੇ ਧਰਤ ਸੁਗੰਧ
ਆਪਣੇ ਲਹੂ ਦੁਆਲੇ ਸਿਰਜੇ
ਚਿੱਟੇ ਲਹੂ ਦੀ ਕੰਧ

ਅੰਬਰ ਪਾੜੇ! ਜਲ ਸੁਕਾਵੇ!
ਕਰੇ ਲੀਰੋ ਲੀਰ ਹਵਾ
ਅੱਗ ਤੋਂ ਤ੍ਰਮਾਂ
ਤ੍ਰਮਾਂ ਤੋਂ ਮਿੱਟੀ
ਬਣ ਜਾਏ ਆਪ ਖ਼ੁਦਾ

ਮਿੱਟੀ ਮੱਥੇ ਸਿੰਙ ਉੱਗ ਆਵਣ
ਐਸਾ ਚੜ੍ਹੇ ਸ਼ੁਦਾ
ਠੋਕੇ ਮੇਖਾਂ ਸੱਚ ਦੇ ਮੱਥੇ
ਪਿੰਡੇ ਅਗਨ ਵਸਾ

ਭੁੱਲੇ ਰੰਗ! ਰੰਗਾਂ ਵਿਚ ਵਸਦਾ
ਭੁੱਲੇ ਜਾਣ ਪਹਿਚਾਣ
ਨੀਵਾਂ ਨੀਵਾਂ ਚਾਰ ਚੁਫੇਰਾ
ਮਿੱਟੀ ਵਿਚ ਅਸਮਾਨ

ਕਿਰਦੇ ਬੋਲ ਮਿੱਟ਼ੀ ਦੇ ਮੁੱਖੋਂ
ਬਣ! ਹੁਕਮ ਫ਼ੁਰਮਾਨ
ਮਰ ਜਾਏ, ਮਿੱਟੀ ਦੇ ਅੰਦਰੋਂ
ਮਿੱਟੀ ਦੀ ਪਹਿਚਾਣ

ਇਕੋ ! ਭਾਅ ਲਗਾਵੇ ਸਭ ਦਾ
ਕੀ ਜਾਨਵਰ, ਇਨਸਾਨ
ਆਪਣਾ ਸਿਰ ਤਲਵਾਰਾਂ ਰਾਖੀ
ਲੋਕਾਂ ਸਿਰ ਕਿਰਪਾਨ

ਅਗਨ ਵਸਾ ਕੇ ਪਿੰਡੇ ਮਿੱਟੀ
ਮੱਥੇ ਕੂੜ ਜਗਾਏ
ਕੱਤ ਕੱਤ ਕੂੜ ਦੁਆਲੇ ਆਪਣੇ
ਸੱਚ ਦੀ ਜੋਤ ਬੁਝਾਏ

ਕੂੜੋਂ ਕੂੜ ਹੰਢਾਉਂਦੀ ਮਿੱਟੀ
ਜੱਗ ਭਰਿਸ਼ਟਦੀ ਜਾਏ
ਅੱਗਾਂ ਚੱਬਦੀ ਚੱਬਦੀ
ਮਿੱਟੀ ਦੀ ਮਿੱਟੀ ਮਰ ਜਾਏ

ਸੱਚ ਨੂੰ ਫਾਂਸੀ
ਤ੍ਰੁਮਾਂ ਤਖ਼ਤ 'ਤੇ
ਕਾਮੀ ਹੋ ਹੋ ਬਹਿੰਦੀ
ਨੈਣ ਪਿਆਲੇ ਲਹੂ ਦੇ ਭਰ ਭਰ
ਅੱਗਾਂ ਫੱਕਦੀ ਰਹਿੰਦੀ

ਇਕ ਇਕ ਅੰਗ
ਕਾਮ ਇਸ਼ਨਾਨਾ
ਪ੍ਰਵਿਰਤੀ ਵਿਸ਼ਿਆਂ ਖੋਰੀ
ਮੈਂ ਵਿਚ ਮੈਂ ਵਸਾ ਕੇ ਮਿੱਟੀ
ਤੂੰ ਖੰਡਰਾਂ ਵੱਲ ਤੋਰੀ
ਆਵੇ ਨਜ਼ਰ ਨਾ ਆਪਣਾ ਸਾਨੀ
ਅੱਡੀਆ ਚੁੱਕ ਚੁੱਕ ਤੱਕੇ
ਕਛੇ ਮਾਰ ਕੇ ਸੂਰਜ
ਪੈਰੀਂ ਚੰਨ ਵਿਛਾ ਕੇ ਰੱਖੇ

ਬਹਿੰਦੀ !
ਉੱਚੀ ਉੱਚੀ ਹੋ ਕੇ
ਨਾ ਭੌਂ ਤੇ ਪੈਰ ਟਿਕਾਵੇ

ਮੁੱਠਾਂ ਦੇ ਵਿਚ ਭਰ ਭਰ ਤਾਰੇ
ਅੰਬਰ ਮਿਧਦੀ ਜਾਵੇ

ਬੀਜ ਕੇ
ਧਰਤੀ ਫ਼ਸਲ ਸੋਗ ਦੀ
ਖਲਾਅ 'ਚ ਜਾ ਬਿਰਾਜੇ
ਅਮਨ ਦੇ ਅੱਥਰੂ ਪੂੰਝੇ ਮਿੱਟੀ
ਪੌਣਾਂ ਨੂੰ ਅੱਗ ਲਾ ਕੇ

ਗਲ ਗਲ, ਡੂੰਘਾ ਲਹੂ ਚੁਫੇਰੇ
ਕੋਲੇ ਫ਼ਸਲ ਮਨੁੱਖੀ
ਲੰਙੜੀ ਧਰਤੀ!
ਲੂਲ੍ਹਾ ਅੰਬਰ!!
ਫਿਰੇ ਜ਼ਿੰਦਗੀ ਕੁੱਛੜ ਚੁੱਕੀ

ਵਰਤਮਾਨ ਦੇ ਚੇਹਰੇ ਉੱਤੇ
ਇਹ ਕੀ ਹੈ ਉੱਗ ਆਇਆ
ਭਵਿੱਖ ਦੇ ਸਿਰ 'ਤੇ
ਜਨਮੋਂ ਪਹਿਲਾਂ
ਨੱਚੇ ਮੌਤ ਦਾ ਸਾਇਆ

ਉਦਾਸ ਸਮੇਂ ਨੇ
ਆਪਣੇ ਢਿੱਡ 'ਚ
ਸਿਵਿਆਂ ਦੇ ਸ਼ਹਿ ਵਰਸਾਏ
ਮੌਸਮ!
ਕਬਰਾਂ ਵਿਚੋਂ ਉੱਠ ਉੱਠ
ਕਬਰਾਂ ਬੀਜਦਾ ਜਾਏ

ਤ੍ਰਮਾਂ ਵਸਾ ਕੇ ਪਿੰਡੇ ਮਿੱਟੀ
ਲਹੂ ਦੀ ਸਦਾ ਪਿਆਸੀ
ਮੈਂ ਦੀ ਨਗਰੀ
ਮੈਂ ਦੀ ਮਲਕਾ
ਤੂੰ! ਦਾਸੀ ਦੀ ਦਾਸੀ

ਹਰ ਇਕ ਸਿੱਕਾ
ਆਪਣੇ ਨਾਂਅ ਦਾ
ਹਰ ਥਾਂ ਤੇ ਸਰਦਾਰੀ
ਮੈਂ ! ਨੇ ਆਪਣੇ ਚਾਰ ਚੁਫੇਰੇ
ਮੈਂ ਹੀ ਮੈਂ ਉਸਾਰੀ

ਟੁੱਕੀਆਂ ਫ਼ਰਿਆਦਾਂ ਦੀਆਂ ਜੀਭਾਂ
ਤਿੜਕੇ ਤਿੜਕੇ ਚੇਹਰੇ
ਦਿਸਹੱਦੇ ਤਕ ਪਸਰੇ ਪਏ ਨੇ
ਆਦਮ ਕੱਦ ਹਨ੍ਹੇਰੇ

ਬੁੱਝ ਗਏ
ਜਗਦੇ ਜਗਦੇ ਦੀਵੇ
ਉੱਡੀਕ ਉੱਡੀਕ ਸਵੇਰੇ
ਕਦ ਪਰਤੇ ਨੇ?
"ਮੈਂ ਨਗਰੀ 'ਚੋਂ"
ਲੋਕਾਂ ਦੇ ਸਾਬਤ ਚੇਹਰੇ

ਅਗਨ ਵਸਾ ਕੇ ਪਿੰਡੇ ਮਿੱਟੀ
ਅੱਗ ਹੀ ਅੱਗ ਧਿਆਏ
ਅੱਗ ਹੀ ਇਸ਼ਟ
ਅੱਗ ਹੀ ਦਾਰੂ
ਅੱਗ ਹੀ ਪੀਏ ਖਾਏ

ਅੱਗਾਂ ਜੰਮਦੀ ਜੰਮਦੀ ਅੱਗ ਨੂੰ
ਰਾਖ਼ ਨਜ਼ਰ ਨਾ ਆਏ
ਅੱਗ ਦੀ ਭੇਟ ਚੜ੍ਹਾ ਕੇ ਧਰਤੀ
ਸਿਰ 'ਤੇ ਗਗਨ ਉੱਠਾਏ

ਤੇਜ਼! ਸੇਕ!! ਦਾ ਵੱਖਰਾ ਵੱਖਰਾ
ਚੇਹਰਾ ਨਜ਼ਰ ਨਾ ਆਏ
ਮਲ, ਮਲ ਲਹੂ ਮਨੁੱਖ ਦਾ ਮੂੰਹ 'ਤੇ
ਸਰਵ-ਸ੍ਰੇਸ਼ਟ ਕਹਾਏ

ਉਛਾਲ ਹਵਾ 'ਚ ਜਲ ਦਾ ਪਿੰਡਾ
ਸਾਗਰ ਸੁੱਕਣੇ ਪਾਏ
ਬਣ ਅੰਗਿਆਰੇ ਜਲ ਸਾਗਰ ਦੇ
ਸੀਨੇ ਉਤਰ ਜਾਏ

ਜਿਸ ਦਰਪਣ 'ਚੋਂ
ਤਾਰਕਾ-ਮੰਡਲ ਤੱਕੇ ਆਪਣਾ ਚੇਹਰਾ
ਉਸ ਸ਼ੀਸ਼ੇ ਦੀ
ਪਿੱਠ ਤੋਂ ਚੁੱਕਿਆ
ਜਲ ਨੇ ਆਪਣਾ ਡੇਰਾ

ਸਾਗਰ! ਆਪਣਾ ਮੁਰਦਾ
ਆਪਣੇ ਮੋਢੀਂ ਚੁੱਕੀ ਫਿਰਦਾ
ਬੱਦਲਾਂ ਪਿੱਛੇ ਨੱਸਦਾ ਨੱਸਦਾ
ਅੱਗ ਦੇ ਮੂੰਹ 'ਚ ਡਿੱਗਾ

ਥੇਹ ਵਾਂਗ ਹੈ ਭੁਰ ਭੁਰ ਪੈਂਦਾ
ਰੇਤ ਵਾਂਗ ਹੈ ਕਿਰਦਾ
ਕਦ ਮੁੱਕੇਗਾ ਅੱਗ ਦਾ ਜੰਗਲ
ਤੁਰਿਆ ਸਾਗਰ ਚਿਰ ਦਾ

ਅਗਨ ਵਸਾ ਕੇ ਪਿੰਡੇ ਮਿੱਟੀ
ਮਿੱਟੀਉਂ ਅਗਨ ਹੋ ਜਾਏ
ਬਰਸੇ ਅੱਗ ਨੈਣਾਂ ਦੇ ਵਿਚੋਂ
ਸਿਰ ਨੂੰ ਕਾਮ ਚੜ੍ਹਾਏ

ਜੰਮ! ਜੰਮ! ਕਾਮ ਦੁਆਲੇ ਆਪਣੇ
ਕਾਮ ਸਿੰਙੀ ਚੜ੍ਹ ਜਾਏ
ਰੰਗੇ ਲਹੂ 'ਚ ਮੂੰਹ ਗਗਨ ਦਾ
ਲਾਸ਼ਾਂ ਧਰਤ ਵਿਛਾਵੇ

ਬਰਸੇ ਅੰਬਰੋਂ ਕਾਮੀ ਮੇਘਾ
ਪੌਣ ਚਬਾਏ ਅੱਗ

ਸਾਗਰ ਦੇ ਮੂੰਹੋਂ ਛੁੱਟੇ
ਜ਼ਹਿਰ ਵਿਗੁੱਤੀ ਝੱਗ

ਖ਼ਲਾਅ 'ਚ ਗੁੰਜੇ
ਮੈਂ ਮਿੱਟੀ ਦੀ
ਨੱਚੇ ਕਾਮ ਨਿਸ਼ੰਗ
ਰੰਗਿਆ ਜਾਏ ਮੁੱਖ ਧਰਤੀ ਦਾ
ਰੁੱਖਾਂ ਦੇ ਲਹੂ ਸੰਗ

ਅਗਨ ਵਸਾ ਕੇ ਪਿੰਡੇ ਮਿੱਟੀ
ਸੱਤਾ ਵਿਚ ਮਦਹੋਸ਼
ਚੁਣ, ਚੁਣ ਸੂਰਜ ਸੂਲੀ ਚਾੜ੍ਹੇ
ਕਿਰਨਾਂ ਮੱਥੇ ਦੋਸ਼

ਹਰ ਦਿਨ
ਆਪਣੀ ਸਰਘੀ ਤੋਂ ਸੱਖਣਾ
ਆਪਣੇ ਸਨਮੁੱਖ ਰੋਜ਼
ਨੁੱਚੜੀ ਰੌਣਕ
ਜੀਵਨ ਪਿੰਡਿਉਂ
ਉੱਗਿਆ ਹਰ ਥਾਂ ਸੋਗ

ਤਪਦਾ! ਤਪਦਾ!!
ਜਲ ਦਾ ਪਿੰਡਾ
ਛਾਲਾ ਛਲਾ ਪੌਣ
ਗੁੰਨ੍ਹੇ ਅੱਗ ਧਰਤ 'ਚ ਮਿੱਟੀ
ਦੇ ਗੁੱਠੀਆਂ ਦੀ ਤੌਣ

ਡੋਲ ਗਿਆ
ਅੰਬਰ ਦੇ ਮੂੰਹ 'ਤੇ
ਪਿਘਲਿਆ ਲੋਹਾ ਕੌਣ
ਕਤਲ ਹੋਏ ਰੁੱਖਾਂ ਨੂੰ ਤੱਕ ਤੱਕ
ਸਮਿਆਂ ਧਾਰੇ ਮੌਨ

ਧਰੇਕਾਂ
ਦੇ ਜਿਸਮਾਂ 'ਤੇ ਮਿੱਟੀ
ਕੋਲੇ ਦਿਤੇ ਠਾਰ
ਛਾਵਾਂ ਤਲੀਏਂ ਧਰ ਧਰ ਛੱਡੇ
ਅੱਗ ਦੇ ਸੁਰਖ਼ ਅਨਾਰ

ਹਰ ਪੱਤੇ ਦੀ ਜੀਭਾ ਮਿੱਟੀ
ਕੁਤਰਾ ਕੁਤਰਾ ਕੀਤੀ
ਲਾਹ ਕੇ ਖੱਲ ਜੰਗਲ ਦੇ ਪਿੰਡਿਉਂ
ਭਰ ਭਰ ਅਗਨੀ ਸੀਤੀ

ਸਾੜੇ ਮਦਰੱਸੇ ਨੂੰ ਜਾਂਦੇ
ਮਿੱਟੀ ਚਿੜੀਆਂ ਤੋਤੇ
ਅਗਨ ਵਸਾ ਕੇ ਬਣ ਗਈ ਸੂਲੀ
ਮਿੱਟੀ! ਮਿੱਟੀ ਦੀ ਹੋ ਕੇ

ਅਗਨ ਵਸਾ ਕੇ ਪਿੰਡੇ ਮਿੱਟੀ
ਜਿਸ ਪਾਸੇ ਨਜ਼ਰ ਕਰੇ
ਰੁੱਖਾਂ ਦੇ ਨੈਣਾਂ 'ਚੋਂ ਹੰਝੂ
ਹੋ ਹੋ, ਰਾਖ ਕਿਰੇ

ਸੋਗੀ, ਸੋਗੀ ਨਕਸ਼ਾਂ ਦਾ
ਚਰਬੀ, ਚਰਬੀ ਹੁਸਨ ਢਲੇ
ਦਿਸਹੱਦੇ ਤਕ ਨਜ਼ਰ ਗਈ
ਸੀਮਾਂ ਤੇ ਅਕਾਸ਼ ਸੜੇ

ਕੈਸੀ ਫ਼ਸਲ ਦ੍ਰਿਸ਼ਟੀ-ਗੋਚਰ
ਛਾਲਾ, ਛਾਲਾ ਗੁਲਸ਼ਨ ਪਿੰਡੇ
ਅੰਗਿਆਰਾਂ ਦੇ ਫੁੱਲ ਖਿੱੜੇ
ਅਗਨ ਵਸੇਂਦੀ ਮਿੱਟੀ ਰਗ ਰਗ
ਪਾਣੀਉਂ ਪਤਲਾ ਲਹੂ ਕਿੜੇ

ਕੋਲੇ ਰੁੱਖ ਤੇ ਕੋਲੇ ਪੰਛੀ
ਕੋਲੇ ਜੰਗਲ ਸਾਰਾ
ਦੇਹ 'ਚੋਂ ਨੁੱਚੜੀ ਹਰਿਆਵਲ ਦਾ
ਕੋਲੇ ਬੁੱਤ ਵਿਚਾਰਾ

ਉਡੀਕ ਰਿਹਾ ਹੈ
ਹਵਾ ਦਾ ਝੌਂਕਾ
ਕਦ ਆਵੇ ਤਾਂ ਡਿੱਗੇ
ਕੁੱਛੜ ਖੇਡਦੇ ਦਮ ਤੋੜ ਗਏ
ਸਾਹ ਜੀਵਨ ਦੇ ਨਿੱਘੇ

ਅੱਗ ਵਸਾ ਕੇ ਪਿੰਡੇ ਮਿੱਟੀ
ਮੁੱਠੀਂ ਕੱਚ, ਨਿਚੋੜੇ
ਪੋਰੀ ਪੋਰੀ ਕਰੇ ਹਵਾ ਨੂੰ
ਸ਼ੀਸ਼ੇ ਸੰਗ ਪੱਥਰ ਤੋੜੇ

ਸ਼ੂਕਣ!
ਸ਼ੀਸ਼ੇ ਦੀ ਦੁਨੀਆਂ ਵਿਚ
ਨੰਗੀ ਮੌਤ ਦੇ ਸਾਏ
ਫਿਰਦੇ ਮੱਥੇ ਸਿੰਙ ਉੱਗਾ ਕੇ
ਆਦਮ ਦੇ ਹਮਸਾਏ

ਸ਼ੀਸ਼ੇ ਦੇ ਲੋਕ
ਸ਼ੀਸ਼ੇ ਦੀ ਦੁਨੀਆਂ
ਸ਼ੀਸ਼ੇ ਦੀ ਉੱਠਣੀ-ਬਹਿਣੀ
ਸ਼ੀਸ਼ੇ ਦੇ
ਬੁੱਤਾਂ ਨੂੰ ਇਕ ਦਿਨ
ਆਪਣੀ ਅੱਗ ਪੀਣੀ ਪੈਣੀ

-0-

## ਮਿੱਟੀ-ਗੁੱਝਾ-ਜਲ

ਮੈਂ।
ਤੇਰੇ 'ਚੋਂ ਰੋਜ਼ ਜਨਮਦਾ ਹਾਂ
ਰੋਜ਼ ਬਿਨਸਦਾ ਹਾਂ
ਅੱਜ ਮੇਰੀ ਨਜ਼ਰ 'ਚ
ਤੇਰਾ ਪ੍ਰਸ਼ਨ-ਚਿੰਨ੍ਹ ਬਣ ਕੇ
ਉੱਗਣ ਦਾ ਸਬੱਬ
ਕਿਤੇ ਮੇਰੀ ਮਿੱਟੀ 'ਚੋਂ
ਜਲ ਨਿਖੇੜਣਾ
ਜਾਂ ਆਪਣੀ ਮਿੱਟੀ 'ਚੋਂ
ਜਲ ਜਨਮਣਾ ਹੀ ਤਾਂ ਨਹੀਂ

## ਮਿੱਟੀ-ਗੁੱਝਾ-ਜਲ

ਧੋਅ ਧੋਅ ਸੱਚ ਨੂੰ
ਸੱਚ-ਸਾਗਰ ਵਿਚ
ਸੱਚ ਸਾਗਰ ਹੋ ਜਾਏ
ਜਲ ਵਸੇਂਦੀ ਮਿੱਟੀ ਇਸ ਪਲ
ਮਿੱਟੀਉਂ ਮੁਕਤ ਹੋ ਜਾਏ
ਚਾਨਣ ਹੋ ਕੇ ਹਰ ਮਿੱਟੀ ਦੇ
ਨੱਕ ਤੱਕ ਉਤਰ ਜਾਏ
ਪਦਵੀ-ਰਹਿਤ
ਮਿੱਟੀ ਦੀ ਮਿੱਟੀ
ਜੱਗ ਦਾ ਨੂਰ ਕਹਾਏ

## ਮਿੱਟੀ-ਗੁੱਝਾ ਜਲ

ਜਲ ਉੱਗਾਕੇ ਮੱਥੇ ਮਿੱਟੀ
ਕਾਦਰ, ਕੁਦਰਤ ਆਪ
ਉੱਤਮ ਸੱਚੀ ਸੁੱਚੀ ਮਿੱਟੀ
ਖ਼ਾਕ ਦੀ ਖ਼ਾਕਸਾਰ

ਪੀ ਪੀ ਅੱਗਾਂ ਜਨਮੇਂ ਮਿੱਟੀ
ਜਲ-ਰੰਗਾ-ਸੰਸਾਰ
ਗਗਨ ਅਲਾਪੇ ਸੁਰ "ਜਾਗੋ ਦੀ"
ਵਗ ਵਗ ਮੁੜ੍ਹਕਾ ਪੌਣਾ ਪਿੰਡਿਉਂ
ਭਰੇ ਹੁੰਗਾਰਾ ਨਾਲ

ਅਮਨ ਚੰਦੋਆ ਕਰੇ ਧਰਤ 'ਤੇ
ਦੀਵੇ ਸਿਰਾਂ ਦੇ ਬਾਲ
ਆਪਣੇ ਚਾਰ ਚੁਫੇਰੇ ਮਿੱਟੀ
ਲਏ ਆਪਣਾ ਨੂਰ ਉਸਾਰ

ਮਾਨਵ 'ਚੋਂ ਮਾਨਵ ਨੂੰ ਦਿੱਸੇ
ਮਾਨਵ ਸਿਰਜਣਹਾਰ
ਅਪਣੱਤ-ਜੋਤ ਜਗੇ ਜਲ ਹਿਰਦੇ
ਜਲ ਤੋਂ ਜਲ ਦੇ ਪਾਰ

ਜਲ 'ਚੋਂ ਜਲ ਦਾ ਚੇਹਰਾ ਦਿੱਸੇ
ਐਸਾ ਦਰਪਣ ਹੋਵੇ

ਮਿੱਟੀ ਪੀੜ, ਪੁਆਂਦੀ ਜਲ
ਭਰ  ਨੈਣੀਂ ਨਿੱਘ ਰੋਵੇ

ਜਲ ਬੀਜ ਕੇ ਪਿੰਡੇ ਮਿੱਟੀ
ਮੁੱਖ ਧਰਤੀ ਦਾ ਧੋਵੇ
ਧੁੱਖਦੀ ਹੋਈ ਮਾਨਵਤਾ ਦੇ
ਸਬਜ਼ ਬਾਗ਼ ਨੂੰ ਰੋਵੇ

ਬੀਜੇ ਪੌਣਾਂ ਪਿੰਡੇ ਮਹਿਕਾਂ
ਸਿਰਜੇ ਰਾਹ ਨਿਰੋਏ
ਜਲ ਦੀ ਜੋਤ ਜਗਾ ਕੇ ਮਿੱਟੀ
ਪੱਥਰੀਂ ਗੱਤੀਆਂ ਬੋਏ

ਝਾੜੇ ਆਪਣਾ ਆਪਾ ਮਿੱਟੀ
ਖਲਾਅ ਦਾ ਪਿੰਡਾ ਪੂੰਝੇ
ਅੰਬਰ! ਜਲ ਥਲ ਸੋਗ ਖਿਲਰਿਆ
ਕਿਰਨਾਂ ਦੇ ਸੰਗ ਹੂੰਝੇ

ਧੋਏ ਮਨੁੱਖ ਦਾ ਜ਼ਖਮੀ ਚੇਹਰਾ
ਆਪਣੇ ਹੰਝੂਆਂ ਸੰਗ
ਚੁੱਪ! ਚੜ੍ਹਾਏ ਚੀਕ ਚੀਕ ਕੇ
ਅੱਗ 'ਤੇ ਜਲ ਦਾ ਰੰਗ

ਵੱਢੀ-ਟੁੱਕੀ ਮਾਨਵਤਾ ਦੇ
ਜ਼ਖ਼ਮੀ ਮਲਮਾਂ ਲਾਵੇ
ਮ੍ਹਲਮਾਂ ਲਾਉਂਦੀ ਜ਼ਖ਼ਮ ਸਿਉਂਦੀ
ਜ਼ਖ਼ਮੋਂ ਫੱਟ ਹੋ ਜਾਵੇ

ਖਰੋਚੇ ਕਾਲਖ਼
ਗਿੱਠ ਗਿੱਠ ਚੜ੍ਹੀ, ਦਿਸ਼ਾਵਾਂ ਪਿੰਡੇ

ਧੁਆਂਖੀਆਂ ! ਧੁਆਂਖੀਆਂ !!
ਵਗਣ ਹਵਾਵਾਂ
ਸੜਿਆ ਅੰਬਰ ਦਿੱਸੇ

ਮਾਨਵ ਤੋਂ ਮਾਨਵ ਤਕ ਜਾਂਦੇ
ਮੁੰਭਰੇ ਰਾਹ ਸ਼ਿੰਗਾਰੇ
ਮਿਸ਼ਰੀ ਵਰਗੇ ਬੋਲਾਂ ਦੀ
ਖਲਾਅ 'ਚ ਮਹਿਕ ਖਿਲਾਰੇ

ਜਲ ਬੀਜ ਕੇ ਅੱਗ ਦੇ ਪਿੰਡੇ
ਅੱਗਾਂ ਤਰਦੀ ਜਾਵੇ
ਸੇਕ-ਤ੍ਰੇੜੀਂ ਧਰਤੀ ਬੁੱਲੀਂ
ਮਿੱਟੀ, ਸਾਗਰ ਲਾਵੇ

ਜਲ ਦਾ ਅਰਘ ਚੜ੍ਹਾ ਕੇ
ਜੰਮਦੀ ਸੁੱਕੇ ਰੁੱਖੀਂ ਛਾਵਾਂ
ਜਲ 'ਤੇ ਤੁਰ ਤੁਰ
ਆਪਣਾ ਲਿਖਦੀ ਅੱਗ ਮੱਥੇ ਸਿਰਨਾਵਾਂ

ਜਲ ਵਸਾ ਕੇ ਪਿੰਡੇ ਮਿੱਟੀ
ਸੁਰ, ਸਰਗਮ, ਸੁਰਤਾਲ
ਮੈਂ ਦੀ ਉਂਗਲੀ ਫੜਦੀ
ਮੱਥੇ ਤੂੰ ਦਾ ਦੀਵਾ ਬਾਲ

ਮਨੁੱਖੀ-ਜੀਵਨ ਦਾ ਹਰ ਪਲ
ਜਦ ਵੀ ਹੋਂਦ 'ਚ ਆਇਆ
ਹਰ ਇਕ ਪਲ ਨੇ ਆਪਣੇ ਮੱਥੇ
ਜਲ ਦਾ ਦੀਪ ਜਗਾਇਆ

ਜਲ ਬਿਨ ਜੀਵਨ ਦਾ ਹਰ ਪਲ
ਅੱਗ ਦੇ ਮੂੰਹ ਵਿਚ ਆਇਆ

ਜਲ ਦਾ ਚਾਨਣ ਹੀ ਮਿੱਟੀ ਦਾ
ਲਹੂ ਜਿਹਾ ਸਰਮਾਇਆ

ਜਲ ਪ੍ਰਵਿਰਤੀ 'ਚੋਂ ਹੀ ਜੰਮਣ
ਰੁੱਤਾਂ ਮੌਸਮ ਠੰਡੇ
ਜਲ 'ਚ ਤੁਰਦੀ ਤੁਰਦੀ ਮਿੱਟੀ
ਜਲ ਜੰਮੇ, ਬੀਜੇ, ਵੰਡੇ

ਜਲ ਵਸਾ ਕੇ ਪਿੰਡੇ ਮਿੱਟੀ
ਤੂੰ! ਮੈਂ! ਤਰਦੀ ਜਾਏ
ਮੈਂ! ਤੂੰ! ਤਰਦੀ ਤਰਦੀ ਮਿੱਟੀ
ਸੱਚ ਨੂੰ ਅੱਪੜ ਜਾਏ

ਧੋ ਧੋ ਸੱਚ ਨੂੰ
ਸੱਚ-ਸਾਗਰ ਵਿਚ
ਸੱਚ ਸਾਗਰ ਹੋ ਜਾਏ
ਜਲ ਵਸੇਂਦੀ ਮਿੱਟੀ ਇਸ ਪਲ
ਮਿੱਟੀਉਂ ਮੁਕਤ ਹੋ ਜਾਏ

ਚਾਨਣ ਹੋ ਕੇ ਹਰ ਮਿੱਟੀ ਦੇ
ਨੱਕ ਤੱਕ ਉਤਰ ਜਾਏ
ਪਦਵੀ-ਰਹਿਤ
ਮਿੱਟੀ ਦੀ ਮਿੱਟੀ
ਜੱਗ ਦਾ ਨੂਰ ਕਹਾਏ

ਜਲ ਵਸਾ ਦੇ ਪਿੰਡੇ ਮਿੱਟੀ
ਲਏ ਆਪਣਾ ਅੱਜ ਸੰਵਾਰ
ਪੱਥਰ ਦੇ ਸੀਨੇ ਵਿਚ ਮਿੱਟੀ
ਬੱਦਲ ਦਏ ਉਤਾਰ

ਮਾਨਵਤਾ!
ਉਹਦੇ ਦਿਲ ਦੀ ਧੜਕਣ
ਤੇ ਨੈਣ ਬੁਹਾਰਣ ਰਾਹਵਾਂ
ਚੁੰਮ, ਚੁੰਮ ਧਰਤੀ ਜੂਠੀ ਕਰਦੀ
ਤੱਕ ਬੰਦੇ ਦਾ ਪ੍ਰਛਾਵਾਂ

ਬੀਜੇ ਚਿੰਤਨ!
ਚਿੰਤਨ ਅੰਦਰ ਤੂੰ ਦੀ ਫ਼ਸਲ ਉੱਗਾਏ
ਤੂੰ ਨੂੰ ਜੱਪਦੀ, ਜੱਪਦੀ ਮਿੱਟੀ
ਮੈਂ! ਮੁਕਤ ਹੋ ਜਾਏ

ਐਸਾ ਜਨਮੇਂ ਚਿੰਤਨ ਮਿੱਟੀ
ਕਰਮ ਜਿਹਦੇ ਅਨਮੋਲ
ਮਾਨਵ ਵਰਗੇ ਮਹਿਕੇ ਮਹਿਕੇ
ਚਾਨਣ ਵਰਗੇ ਬੋਲ

ਨਕਸ਼ ਜਿਨ੍ਹਾਂ ਦੇ ਚੰਨ ਸਿਤਾਰੇ
ਸੂਰਜ ਜਿਨ੍ਹਾਂ ਕੋਲ
ਵਰਤਮਾਨ ਦੀ ਨੈਣੀਂ ਪ੍ਰਗਟ
ਭਵਿੱਖ ਜਿਨ੍ਹਾਂ ਦੀ ਝੋਲ

"ਨਾ ਕੋਈ ਵੈਰੀ ਨਾ ਹੀ ਬੇਗ਼ਾਨਾ"
ਦੀ ਜਗਦੀ ਮੱਥੇ ਜੋਤ
ਜਲ ਵਸਾ ਕੇ ਪਿੰਡੇ ਮਿੱਟੀ
ਆਪੇ-ਬੋਲ-ਸ੍ਰੋਤ

ਪਰਖੇ ਸਮੇਂ ਦਾ ਪਲ, ਪਲ
ਲਏ ਸੱਚ ਝੂਠ ਨਿਖੇੜ
ਸੁੱਚੇ ਜਲ ਸੰਗ ਭਰਦੀ ਮਿੱਟੀ
ਜੀਵਨ ਦੀ ਹਰ ਤ੍ਰੇੜ

ਤਿੱੜਕੇ ਚਿੰਤਨ!
ਤਿੱੜਕੇ ਚੇਹਰੇ!!
ਇਕੱਠੇ ਕਰ ਕਰ ਰੱਖੇ
ਸ਼ੀਸ਼ੇ ਦੀ ਦੁਨੀਆਂ 'ਚੋਂ ਮਿੱਟੀ
ਪੱਥਰ ਉੱਗਦੇ ਤੱਕੇ

ਫੁੱਲ!
ਆਪਣੀ ਪਹਿਚਾਣ ਵਿਹੂਣੇ
ਖ਼ੁਸ਼ਬੂਆਂ ਚੱਬੀ ਜਾਂਦੇ
ਬੀਜ ਬੀਜ ਲੋਹੇ ਦਾ ਜੰਗਲ
ਹਰਿਆਵਲ ਫੱਕੀ ਜਾਂਦੇ

ਚਿੰਤ ਬਾਝੋਂ
ਫੁੱਲ ਤੇ ਗੁਲਸ਼ਨ
ਇਕ ਦੂਜੇ ਲਈ ਬੇਗ਼ਾਨੇ ਹੋਏ
ਖ਼ੁਸ਼ਬੂਆਂ ਥਾਂ
ਓਪਰੇਪਣ ਦੇ ਜੰਗਲ ਉੱਠ ਖਲੋਏ

ਜਲ ਵਸਾ ਕੇ ਜਿਨ੍ਹਾਂ ਨੂੰ ਮਿੱਟੀ
ਕੱਲ੍ਹ ਦੀ ਅੱਜ ਤੱਕ ਰੋਏ
ਕੌਣ!
ਬੋਲਾਂ ਦੇ ਅਰਥ ਪਛਾਣੇ
ਅਰਥਾਂ ਦੇ ਸੀਨੇ ਟੋਹੇ

ਚੇਹਰੇ 'ਤੇ ਦਾਗ਼ਾਂ ਦੀ ਦੁਨੀਆਂ
ਹੱਡੀਂ! ਮੌਸਮ ਪਾਰਾ ਪਾਰਾ
ਕਿਸ ਨੇ ਖੁੱਥਾ ਪੱਤੀ ਪੱਤੀ
ਰੁੱਤਾਂ ਦਾ ਕਮਲ ਕੁਆਰਾ

ਜਲ ਜਿਉਂਦੀ ਜਿਉਂਦੀ ਮਿੱਟੀ
ਆਪਣਾ ਅੰਬਰ ਧੋਵੇ

ਮਲ, ਮਲ ਦੇਹ ਦੀ ਟੁਕੜੀ ਮਿੱਟੀ
ਜਲ ਸੰਗ, ਜਲ ਰੰਗ ਹੋਵੇ

ਆਪਣੇ ਅੰਦਰੋਂ
ਭਰ ਭਰ ਬੁੱਕਾਂ
ਸੱਚ ਦੇ ਛਿੱਟੇ ਦੇਵੇ
ਅਗਨ ਹਜ਼ੂਰ ਖਲੋਤੀ ਵੰਡੇ
ਸੀਤ ਰੁੱਤਾਂ ਦੇ ਮੇਵੇ

ਦੇਹ-ਪਰਦੇ 'ਚੋਂ ਜਗਦਾ ਦਿੱਸੇ
ਉਸਦਾ ਆਪਣਾ ਆਪਾ
ਪਰਦਿਉਂ! ਪਰਦੇ ਲਾ ਲਾ ਮਿੱਟੀ
ਜੱਗ ਦਾ ਰੂਪ ਪਛਾਤਾ

ਹਰ ਪਰਦੇ ਦੇ ਪਿੱਛੇ ਪਰਦਾ
ਪਰਦੇ ਦਾ ਪਰਦਾ ਜਾਤਾ
ਨੁੱਚੜੀ ਦੇ ਨੂਰ 'ਚ ਭਿੱਜੀ,
ਅੱਖੀਆਂ ਸ੍ਹਾਵੇਂ ਨੰਗ-ਧੜੰਗਾ
ਹਰ ਪਰਦੇ ਦਾ ਦਾਤਾ

ਜਲ ਵਸਾ ਕੇ ਪਿੰਡੇ ਮਿੱਟੀ
ਚਿੰਤਨ ਹਰਾ ਕਚੂਰ
ਜਿਉਂਦੇ, ਜਿਉਂਦੇ ਬੋਲਾਂ ਨੈਂਣੀ
ਨਵ-ਸੱਜਰੇ ਦਸਤੂਰ

ਲਾਵੇ ਠੇਸ ਨਾ ਪੱਥਰ ਤਾਈਂ
ਬੀਜੇ ਹਾਸੇ ਨੂਰ
ਖਿੜਿਆ ਗੁਲਸ਼ਨ ਮਾਨਵ, ਮਾਨਵ
ਮਹਿਕਾਂ ਦੇ ਵਿਚ ਚੂਰ

ਖ਼ੁਸ਼ੀਆਂ ਦੇ ਵਗਦੇ ਹੜ੍ਹ 'ਚ
ਚੇਹਰਾ ਧੋਏ ਮਨੁੱਖ
ਸੱਤ-ਰੰਗ ਜਨਮ
ਤਰੌਂਕੇ ਅੰਬਰੀਂ
ਧਰਤੀ ਮਾਂ ਦੀ ਕੁੱਖ

ਸੁੱਖ ਦਾ ਸਾਹ ਲਿਆ ਖਲਾਅ ਨੇ
ਅੰਬਰ ਹੌਕਾ ਭਰਿਆ
ਸੜਦੀ ਪੌਣ ਦੇ ਹੱਡੀਂ ਸਾਗਰ
ਬੱਦਲ ਬਣ ਕੇ ਵੜ੍ਹਿਆ

ਰਾਗ ਰੰਗ ਦਾ ਮੱਧਮ, ਮੱਧਮ
ਜੰਗਲ ਕਰੇ ਅਲਾਪ
ਝੂਲੇ ਟਹਿਣੀ, ਪੱਤਾ, ਪੱਤਾ
ਝੂਲ, ਝੂਲ ਕੇ ਰੁੱਖ ਕਰੇਂਦੇ
ਆਪੇ ਆਪਣਾ ਜਾਪ

ਵਗ ਵਗ ਜਲ ਨੇ
ਮਲ ਮਲ ਜਲ ਨੇ
ਧਰਤੀ ਦਾ ਅੰਗ ਅੰਗ ਧੋਇਆ
ਧਰਤੀ ਚੋਂ ਧਰਤੀ ਦਾ ਸੁਫ਼ਨਾ
ਮਿੱਟੀ ਬਣ ਪੂਰਾ ਹੋਇਆ

ਮਾਨਵ ਨੂੰ
ਮਾਨਵ ਦੇ ਸੱਚ ਦਾ
ਅਨੁਭਵ, ਚਿੰਤਨ ਹੋਇਆ
ਮਾਨਵਤਾ ਵਿਚ ਮਣਕਾ, ਮਣਕਾ
ਮਾਨਵ ਗਿਆ ਪਰੋਇਆ

ਹਰ ਮਾਨਵ ਦਾ ਸੱਚ ਮਾਨਵਤਾ
ਹਰ ਸੱਚ ਮਾਨਵ ਹੋਇਆ

ਚਾਨਣ ਪਿੰਡੇ ਰਿਸ਼ਮਾਂ
ਰਿਸ਼ਮਾਂ ਪਿੰਡੇ ਚਾਨਣ ਗਿਆ ਪਰੋਇਆ

ਆਪਣੇ ਸੁੱਚੇ ਜਲ ਸੰਗ ਮਾਨਵ
ਜਦੀ ਵੀ ਆਪਾ ਧੋਤਾ
ਮਾਨਵ ਹੀ ਮਾਨਵਤਾ
ਦਾ ਸਗਲਾ ਚਾਨਣ ਹੋ ਖਲੋਤਾ

ਜਿਸ ਚੋਂ ਨੂਰ ਫੁੱਟੇ ਤੇ ਵਗੇ
ਦਿਸ਼ਾਵੀਂ, ਉਪ-ਦਿਸ਼ਾਵੀਂ
ਜਿਸ ਵਿਚ ਅੱਗ ਤੇ ਜਲ ਦੀ ਨਦੀਆ
ਵਗਦੀ ਸਾਵੀਂ ਸਾਵੀਂ

ਹਰ ਬੁੱਲੇ ਦੀ ਹਵਾ ਪਛਾਣੇ
ਹਰ ਹਵਾ ਦਾ ਬੁੱਲਾ
ਜਲ ਵਸਾ ਕੇ ਮਿੱਟੀ ਦਾ ਦਰ
ਅੰਬਰ ਵਾਂਗੂੰ ਖੁੱਲ੍ਹਾ

ਟੋਟੇ ਟੋਟੇ ਹਵਾ
ਜਦ ਗਲ ਮਿੱਟੀ ਦੇ ਲਗੇ
ਮਿੱਟੀ ਛਾਤੀ ਦੁੱਧ ਦੇ ਚਸ਼ਮੇ
ਨੈਣਾਂ ਚੋਂ ਸਾਗਰ ਵਗੇ

ਭਿੱਜੇ ਮਿੱਟੀ ਅੰਦਰ, ਬਾਹਰ
ਪਲੇਠੇ ਮੋਹ ਦੇ ਸੰਗ
ਜਲ ਹੋ ਵਗਿਆ ਮਿੱਟੀ ਦੇਹੀ
ਹਰ ਬੁਲੇ ਦਾ ਰੰਗ

ਜਲ ਵਸਾ ਕੇ ਪਿੰਡੇ ਮਿੱਟੀ
ਤਪਦੇ ਥਲਾਂ ਨੂੰ ਠਾਰੇ
ਉਤਰੇ ਧੁਰ ਅੰਦਰ ਤਕ ਮਿੱਟੀ
ਆਪਣੇ ਜਲ ਸਹਾਰੇ

ਨਸ ਨਸ ਅੰਦਰ
ਘੁਲ ਘੁਲ ਮਿੱਟੀ
ਲਹੂ ਦੀ ਲੋਅ ਹੋ ਜਾਏ
ਅੰਦਰ ਤੀਕਣ ਪਸਰੀ ਕਾਲਖ਼ 'ਚੋਂ
ਚਾਨਣ ਉੱਗ ਆਏ

ਵੰਡਦੀ ਲੱਪਾਂ ਭਰ ਭਰ ਤਾਰੇ
ਹਰ ਗਲੀਏ, ਹਰ ਵਿਹੜੇ
ਨੈਣ ਵਿਛਾਏ
ਰਾਹ ਨਵ ਯੁੱਗ ਦੀ
ਸੂਰਜ ਧਰੇ ਬੰਨੇਰੇ

ਅੰਦਰ ਚਾਨਣ
ਬਾਹਰ ਚਾਨਣ
ਚਾਨਣ ਚਾਰ ਚੁਫੇਰੇ
ਚਾਨਣ ਦੇ ਵਿਚ ਰੁੱਖ ਚਾਨਣ ਦੇ
ਪੱਤਰ ਸਾਂਝ ਸਵੇਰੇ

ਦਿਲ ਤੇ ਲਹੂ ਦਾ ਲੁਤਫ਼ ਹੰਢਾਉਂਦੀ
ਗੇਸੂੰ ਪੌਣ ਖਲੇਰੇ
ਮਾਨਵ ਤੋਂ ਮਾਨਵ ਦੇ ਸੱਚ ਦਾ
ਐਸਾ ਚਾਨਣ ਹੋਇਆ
ਤਰਕਾਲਾਂ ਦਿਆਂ ਸੁਰਖ਼ ਬੁੱਲ੍ਹਾਂ 'ਤੇ
ਚਿੱਟੇ ਦੁੱਧ ਸਵੇਰੇ

ਸੁਬ੍ਹਾ ਦੇ ਪੰਛੀ
ਚਾਨਣ ਚੁਗਦੇ, ਚਾਨਣ ਪੀਂਦੇ
ਚਾਨਣ ਜਗਦੇ, ਚਾਨਣ ਜੀਂਦੇ
ਖੰਭਾਂ ਤੋਂ ਪ੍ਰਵਾਜ਼ਾਂ ਤੀਕਣ
ਲਹੂ 'ਚ ਲਹੂ ਲਈ ਉੱਗਦੇ
ਲਹੂ ਲਈ ਮਰਦੇ ਜੀਂਦੇ
ਲਹੂ ਦਾ ਸੱਚ ਸਦੀਂਦੇ
ਅਗਾਜ਼ਾਂ ਤੋਂ ਅਗਾਜ਼ਾਂ ਤੀਕਣ

-0-

## ਬੋਧ

ਮੈਂ।
ਤੇਰੇ 'ਚੋਂ ਰੋਜ਼ ਜਨਮਦਾ ਹਾਂ
ਰੋਜ਼ ਬਿਨਸਦਾ ਹਾਂ
ਅੱਜ ਮੇਰੀ ਨਜ਼ਰ 'ਚ
ਤੇਰਾ ਪ੍ਰਸ਼ਨ-ਚਿੰਨ੍ਹ ਬਣ ਕੇ
ਉੱਗਣ ਦਾ ਸਬੱਬ
ਕਿਤੇ ਮੇਰੇ ਬੋਧ 'ਚੋਂ
ਬੋਧ-ਨਿਖੇੜਨਾ
ਜਾਂ ਆਪਣੇ ਬੋਧ 'ਚੋਂ
ਬੋਧ ਜਨਮਣਾ ਹੀ ਤਾਂ ਨਹੀਂ

## ਬੋਧ

ਰੰਗਿਆ ਗਿਆ
ਜਾਂ ਆਪਣੇ ਰੰਗ 'ਚ
ਪੱਤਰ ਪੱਤਰ ਹੋਇਆ
ਹਰ ਪੱਤਰ ਨੇ
ਆਪਣਾ ਹੀ ਰੁੱਖ
ਆਪਣੇ ਵਿਚ ਲਕੋਇਆ
ਰੁੱਖ।
ਪੱਤਰ।
ਛਾਵਾਂ।
ਧੁੱਪਾਂ।
ਵਿਚ ਮੈਂ ਗਿਆ ਪਰੋਇਆ

## ਬੋਧ

ਮੈਂ ਬੋਧ
ਆਪਣੇ ਆਪ 'ਚ ਉਤਰਾਂ
ਆਪਣਾ ਅੰਦਰ
ਚੂਲੀ, ਚੂਲੀ ਕਰਕੇ ਪੀਵਾਂ
ਪੁਣ! ਪੁਣ!!
ਛਣ! ਛਣ!! ਆਪਣਾ ਆਪਾ
ਆਪਣਾ ਹਾਣੀ ਹੋ ਹੋ ਜੀਵਾਂ

ਬੈਠਾਂ ਆਪਣੇ ਕੋਲ ਜਦੋਂ
ਤਿੜਕੇ ਚੇਹਰੇ
ਸੋਚ ਦੇ ਸੀਵਾਂ
ਮੈਂ! ਮਾਨਵ ਦਾ ਹੋ ਕੇ ਮਰਜਾਂ
ਮੈਂ! ਮਾਨਵ ਦਾ ਹੋ ਕੇ ਜੀਵਾਂ

ਮੈਂ!
ਨਾ ਕਿਸੇ ਵੀ ਘੇਰੇ ਅੰਦਰ
ਹਾਂ!
ਆਪਣੇ ਚਾਰ ਚੁਫੇਰੇ ਅੰਦਰ

ਵਗਲਾਂ!
ਕਿਣਕੇ, ਕਿਣਕੇ ਨੂੰ
ਹਰੇ ਕਚੂਰ ਪਹਾੜਾਂ ਲਈ

ਵਗਲਾਂ
ਕਤਰੇ ਕਤਰੇ ਨੂੰ
ਸਾਗਰ ਤੇ ਦਰਿਆਵਾਂ ਲਈ

ਮਾਨਵ ਨੂੰ ਮਨੁਖਤਾ ਲਈ
ਪਿੰਡ ਪਿੰਡ ਨੂੰ ਸੰਸਾਰ ਲਈ
ਸਮੇਂ ਨੂੰ ਉਂਗਲੀ ਲਾਈ ਆਉਂਦੀ
ਨੱਚਦੀ ਹੋਈ ਬਹਾਰ ਲਈ

ਬੋਧ!
ਹਵਾ ਦਾ ਬੁੱਲਾ ਨਾਹੀਂ
ਹਵਾ ਦਾ ਸਿਰਜਣਹਾਰਾ ਹੈ
ਬੋਧ ਬਿਨਾਂ
ਹੈ ਪੱਥਰ ਮਾਨਵ
ਖੰਡਰ ਸਭ ਸੰਸਾਰਾ ਹੈ

ਬੋਧ ਹੰਢਾਇਆ
ਸੁਰਤ ਅਸੁਰਤੀ ਜੁੜਦਾ ਹੈ
ਸੂਰਜ ਵਲ ਨੂੰ ਕਿਰਨਾਂ
ਕਿਰਨਾਂ ਵਲ ਸੂਰਜ ਮੁੜਦਾ ਹੈ

ਬੰਦ ਦਰਵਾਜ਼ੇ
ਤੇ ਖਿੜਕਾਂ 'ਚੋਂ
ਹੜ੍ਹ ਚਾਨਣ ਦਾ ਵਗਦਾ ਹੈ
ਹਰ ਅਸੁਰਤੀ ਦੇ ਪਿੰਡੇ 'ਚੋਂ
ਸੁਰਤੀ ਦਾ ਪਿੰਡਾ ਜਗਦਾ ਹੈ

ਬੋਧ ਜੀਉਕੇ
ਰੰਗਿਆ ਗਿਆ
ਜਾਂ ਆਪਣੇ ਰੰਗ ਮੈਂ

ਤਾਂ ਬੜਾ ਬੇਗਾਨਾ ਲੱਗਾ
ਮਿੱਟੀ ਦੀ ਇਸ ਦੇਹੀ 'ਚੋਂ
ਇਕ ਨੂਰ ਪੌਣ ਦਾ ਵੱਗਾ

ਜਿਸ ਨੂਰ ਨੇ
ਸੂਰਜ ਸਿਰਜੇ
ਜਿਸ ਨੇ ਧਰਤ ਬਣਾਈ
ਜਿਸ ਨੂਰ ਨੇ
ਗਗਨ ਸਾਜ ਕੇ
ਪਹਿਰੇ ਪੌਣ ਬਿਠਾਈ

ਜਿਸ ਨੂਰ ਨੇ
ਜਲ ਦੀ ਦੇਹ ਵਿਚ
ਅੱਗ ਦੀ ਜੋਤ ਜਗਾਈ
ਜਿਸ ਨੂਰ ਦੀ
ਹੈ ਤੇਰੇ ਤੇ ਮੇਰੇ ਵਿਚ ਰੌਸ਼ਨਾਈ

ਜਿਸ ਨੂਰ ਦੀ ਬੁੱਕਲ ਵਿਚ ਹੈ
ਸਿਫਰਾ ਜਿਹੀ ਲੋਕਾਈ
ਜਿਸ ਸਿਫਰੇ 'ਚ
ਜਗਤ-ਰੂਪ ਨੇ ਆਪਣੀ ਜੋਤ ਜਗਾਈ

ਰੰਗਿਆ ਗਿਆ
ਜਾਂ ਆਪਣੇ ਰੰਗ 'ਚ
ਤਾਂ ਆਪਣੀ ਮਿੱਟੀ ਜਾਣੀ
ਮਿੱਟੀ ਵਿਚ ਵਸਦੀ ਮਿੱਟੀ ਦੀ
ਜਗਦੀ ਜੋਤ ਪਛਾਣੀ

ਵਾਕ ਲਿਆ
ਕੰਠ ਮੇਰੇ ਨੇ
ਸਵੈ-ਅਭਿਵਿਅਕਤੀ ਹੋਈ

ਅੱਖੀਆਂ ਵਿਚੋਂ ਵਗ ਵਗ ਜਲ ਨੇ
ਦੇਹ ਦੀ ਮਿੱਟੀ ਹੋਈ

ਮਿੱਟੀ!
ਆਪਣੇ ਹੀ ਗਲ ਲਗ, ਲਗ...
ਤੜਫ਼ੀ! ਹੱਸ, ਹੱਸ ਰੋਈ
ਮਨ!
ਤਨ ਦੀ ਸੀਮਾਂ ਨਾ ਟੱਪੇ
ਨਜ਼ਰ ਨੂਰ ਸਮੋਈ

ਬੇਗਾਨੇਪਣ ਅੰਦਰ
ਸਭ ਆਪਣੇ
ਆਪਣੇ-ਪਣ 'ਚ
ਆਪਣਾ ਨਾਹੀਂ ਕੋਈ

ਜਿਉਂ ਜਿਉਂ
ਕੰਠ ਦੀ ਪੋਰੀ ਵਿਚੋਂ
ਪੌਣ ਦਾ ਆਵਣ ਜਾਵਣ
ਬਿਨ ਸ਼ਬਦਾਂ ਤੋਂ
ਅਰਥਾਂ ਵਰਗਾ
ਤਲੀਆਂ 'ਤੇ ਨੱਚੇ ਸਾਵਣ

ਰੰਗਿਆ ਗਿਆ
ਜਾਂ ਆਪਣੇ ਰੰਗ 'ਚ
ਤਾਂ ਤੇਰਾ ਰੰਗ ਪਛਾਤਾ
ਰੰਗਾਂ 'ਚੋਂ
ਰੰਗ ਨਿਕਲੀ ਆਵਨ
ਰੰਗ ਦੀ ਕੱਥ ਅਕਾਥਾ

ਹਰ ਰੰਗ
ਤੇਰੇ ਰੰਗ 'ਚੋਂ ਉੱਪਜੇ
ਤੇਰੇ ਰੰਗ ਸਮਾਵੇ

ਜਿਉਂ ਬੱਦਲ
ਧਰਤੀ 'ਚੋਂ ਉੱਗੇ
ਗਗਨ ਛੂਹੇ ਵਰ ਜਾਏ

ਹਰ ਰੰਗ
ਮੇਰੇ ਰੰਗ ਤੋਂ ਗੂੜ੍ਹਾ
ਉੱਚਾ ਸੁੱਚਾ ਲਗੇ
ਹਰ ਰੰਗ ਦਾ
ਆਪਣਾ ਦਰਿਆ ਹੈ
ਆਪਣੇ ਹੀ ਰਾਹ ਵਗੇ

ਹਰ ਇਕ ਕੰਢਾ
ਆਪਣਾ ਆਪਣਾ
ਜਲ ਉਠਾਈ ਫਿਰਦਾ
ਜਲ!
ਨਦੀਆਂ ਦੇ ਤਿੜਕੇ ਚੇਹਰੇ
ਗਲ 'ਚ ਪਾਈ ਫਿਰਦਾ

ਜਲ!
ਆਪਣੇ ਮੱਥੇ
ਗਗਨ ਸਜਾਈ ਫਿਰਦਾ
ਜਲ!!
ਧਰਤੀ ਦਾ ਸੁੱਚਾ ਟੁੱਕੜਾ
ਮੂੰਹ 'ਚ ਪਾਈ ਫਿਰਦਾ

ਰੰਗਾਂ 'ਚੋਂ
ਰੰਗ ਉਪਜਣ ਬਿਨਸਨ
ਰੰਗਾਂ ਵਿਚ ਸਮਾਵਣ
ਕਿਸਮ!
ਕਿਸਮ!!
ਦੇ ਰੰਗ
ਕਿਸਮ ਕਿਸਮ ਹੋ ਜਾਵਣ

ਸੂਰਜ ਦਾ ਰੰਗ
ਪੀ ਪੀ ਕਿਰਨਾਂ
ਸੂਰਜ ਰੂਪ ਵਟਾਵਣ
ਬੋਧ ਜਗਾ ਕੇ ਆਪਣੇ ਮੱਥੇ
ਰੰਗ ਚਾਨਣ ਹੋ ਜਾਵਣ

ਕੰਡਿਆਂ ਦੇ ਵਿਚ ਚੁਭਣ ਭਰੀ ਹੈ
ਫੁੱਲਾਂ ਵਿਚ ਖੁਸ਼ਬੋਅ
ਆਪਣੇ ਰੰਗ 'ਚ ਰੰਗਿਆ ਹਰ ਕੋਈ
ਨਜ਼ਰ ਪਿਆ ਹੈ ਜੋ

ਦ੍ਰਿਸ਼ਟੀ!
ਆਪਣੇ ਰੰਗੀਂ ਪਾਟੀ
ਧੁੱਪ, ਹਨ੍ਹੇਰਾ ਲੋਅ
ਰੰਗ!
ਰੰਗਾਂ 'ਚ ਵੰਡੇ ਪਏ ਨੇ
ਰੰਗ ਰੰਗਾਂ ਦੇ ਹੋ

ਹਰ ਇਕ ਰੰਗ ਨੂੰ
ਰੰਗ 'ਚ ਦਿੱਸਦਾ
ਉਸ ਦਾ ਰੰਗ ਹੈ ਜੋ
ਕੌਣ! ਸੁਕਾਵੇ ਮੈਲਾ ਸੂਰਜ
ਆਪਣੇ ਲਹੂ 'ਚ ਧੋ

ਇਕ ਰੰਗ ਨਜ਼ਰ 'ਚ
ਰਾਤ ਚਾਂਦਨੀ
ਇਕ ਰੰਗ ਚੰਦਰਮਾ
ਇਕ ਰੰਗ ਬੂੰਦ ਬੂੰਦ ਵਸੇਂਦਾ
ਇਕ ਸਮੁੰਦਰ ਮਾਂ

ਰੰਗਿਆ ਗਿਆ
ਜਾਂ ਆਪਣੇ ਰੰਗ 'ਚ
ਆਪਾ ਚਾਨਣ ਜਾਪੇ
ਇਸ ਮਿੱਟੀ ਦਾ ਜ਼ਰਾ ਜ਼ਰਾ
ਤੂੰ ਹੀ ਤੂੰ ਅਲਾਪੇ

ਮਿੱਟ ਗਈਆਂ ਨੇ ਵਿੱਥਾਂ ਸਭੇ
ਹਰ ਕੋਈ ਆਪਣਾ ਜਾਪੇ
ਇਸ ਮਿੱਟੀ 'ਚੋਂ ਪ੍ਰਗਟ ਹੋਇਆ
ਮੇਰਾ ਆਪਾ ਆਪੇ

ਇਸ ਆਪੇ 'ਚ
ਤੂੰ ਹੀ ਤੂੰ ਹੈਂ
ਤੇਰਾ ਸਭ ਪਸਾਰਾ
ਪਿੰਡਾਂ 'ਚੋਂ ਤੂੰ ਸ਼ਹਿਰ ਉੱਗਾਏ
ਸ਼ਹਿਰਾਂ ਚੋਂ ਸੰਸਾਰਾ

ਖੁੱਲ੍ਹ ਗਿਆ ਹੈ
ਦਰ ਅੰਦਰ ਦਾ
ਮੁੱਕਾ ਆਉਣਾ ਜਾਣਾ
ਆਪਣੇ ਤਕ ਹੀ ਅਪੜਣ ਤਕ ਦਾ
ਹੈ ਰਾਹ ਖੁਦ ਨੂੰ ਸਮਝਾਉਣਾ

ਆਪੇ ਚਾਨਣ
ਆਪੇ ਬੱਤੀ ਦੀਵੇ ਦਾ ਹੋ ਜਾਣਾ
ਆਪਣਾ ਆਪ ਮਿਟਾ ਕੇ ਪਹਿਲਾਂ
ਹੈ ਤੁੱਧ ਤਾਈਂ ਪਾਉਣਾ

ਆਪਣੀ ਮਿੱਟੀ ਦੇ ਅਰਥਾਂ ਦੀ
ਜੋਤੋਂ ਜੋਤ ਜਗਾਉਣਾ
ਤੇਰੇ ਪੈਰੀਂ ਤੁਰਦੇ ਤੁਰਦੇ
ਹੀ ਤੇਰਾ ਹੋ ਜਾਣਾ

ਪਾਣੀ 'ਤੇ
ਇਕ ਪੱਤ ਤਰੇਵੇ
ਮਰਜ਼ੀ ਦਾ ਉਹ ਰੁੱਖ ਲੱਭੇਵੇ
ਪਾਣੀ 'ਤੇ
ਇਕ ਖੰਭ ਤਰੇਂਦਾ
ਮਰਜ਼ੀ ਦਾ ਪ੍ਰਵਾਜ਼ ਢੂਡੇਂਦਾ

ਇਕ ਪੱਥਰ
ਸਾਗਰ 'ਚੋਂ ਉੱਠ ਕੇ
ਬੱਦਲ ਬਣ ਬਣ ਉੱਡਣਾ ਚਾਹੁੰਦਾ
ਜਲ ਦੀ ਬੂੰਦ
ਆਪਣਾ ਆਪ ਗਵਾਉਂਦੀ ਹੈ
ਅੰਬਰ ਤੋਂ ਡਿੱਗਦੀ ਹੈ
ਸਾਗਰ ਪਾਉਂਦੀ ਹੈ

ਜ਼ਿੰਦਗੀ!
ਜ਼ਿੰਦਗੀ ਨੂੰ ਸਮਝਾਉਂਦੀ ਹੈ
ਸੁੱਕਿਆਂ ਪੱਤਰਾਂ 'ਚੋਂ ਹੀ
ਰੁੱਖ ਉਗਾਉਂਦੀ ਹੈ

ਰੰਗਿਆ ਗਿਆ
ਜਾਂ ਆਪਣੇ ਰੰਗਾਂ 'ਚ
ਪੱਤਰ ਪੱਤਰ ਹੋਇਆ
ਹਰ ਪੱਤ਼ਰ ਨੇ
ਆਪਣਾ ਹੀ ਰੁੱਪ
ਆਪਣੇ ਵਿਚ ਲੁਕੋਇਆ

ਰੁੱਖ!
ਪੱਤਰ!
ਛਾਵਾਂ!
ਧੁੱਪਾਂ!
ਵਿਚ ਮੈਂ ਗਿਆ ਪਰੋਇਆ

ਅੰਬਰ ਦਾ ਅੰਬਰ
ਪੌਣ ਦੀ ਪੌਣ
ਅੱਗ ਦੀ ਅੱਗ
ਜਲ ਦਾ ਜਲ
ਮਿੱਟੀ ਦਾ! ਮਿੱਟੀ ਹੋਇਆ

ਮਿੱਟੀ 'ਚੋਂ
ਮਿੱਟੀ ਦਾ
ਇਕ ਸੂਰਜ ਚੜ੍ਹ ਖਲੋਇਆ
ਜਿਸ ਸੂਰਜ ਨੇ
ਇਸ ਮਿੱਟੀ ਨੂੰ
ਕਿਰਨਾਂ ਵਿਚ ਪਰੋਇਆ

ਜਿਸ ਸੂਰਜ ਨੇ
ਆਪਣੇ ਪਿੰਡੇ
ਸਾਰਾ ਜਲ ਸਮੋਇਆ
ਜਿਸ ਸੂਰਜ ਨੇ
ਅਗਨ ਡੀਕ ਕੇ
ਅੰਬਰ ਨੈਣੀਂ ਪਾਇਆ
ਜਿਸ ਨੇ
ਮੁੱਠਾਂ ਭਰ ਭਰ ਵੰਡਿਆ
ਪੌਣਾਂ ਦਾ ਸਰਮਾਇਆ

ਉਹ ਸੂਰਜ
ਮੇਰੀ ਮਿੱਟੀ ਗੁੱਝਾ
ਮਿੱਟੀਉਂ
ਮਿੱਟੀ ਪਾਇਆ

-0-

## ਬੋਧ-ਜਿਉਂਦੀ-ਮਿੱਟੀ

ਮੈਂ।
ਤੇਰੇ ਚੋਂ ਰੋਜ਼ ਜਨਮਦਾ ਹਾਂ
ਰੋਜ਼ ਬਿਨਸਦਾ ਹਾਂ
ਅੱਜ ਮੇਰੀ ਨਜ਼ਰ 'ਚ
ਤੇਰਾ ਪ੍ਰਸ਼ਨ-ਚਿੰਨ੍ਹ ਬਣ ਕੇ
ਉੱਗਣ ਦਾ ਸਬੱਬ
ਕਿਤੇ ਮੇਰੀ ਮਿੱਟੀ ਚੋਂ
ਬੋਧ ਨਿਖੇੜਣਾ
ਜਾਂ ਆਪਣੇ ਬੋਧ 'ਚੋਂ
ਮਿੱਟੀ ਜਨਮਣੀ ਹੀ ਤਾਂ ਨਹੀਂ

## ਬੋਧ-ਜਿਉਂਦੀ-ਮਿੱਟੀ

ਜਦ ਉਹ ਉੱਚਰੇ
ਉੱਚਰੇ ਸ਼ਬਦ ਅਮੋਲ
ਖੁਸ਼ਬੋਆਂ!
ਉਹਦਾ ਜਲ ਭਰੇਵਣ
ਲੈ ਹਥੀਂ ਕੱਚ ਦੇ ਡੋਲ
ਉਹ ਮਿੱਟੀ ਭਵਿੱਖ ਸਮੇਂ ਦਾ
ਉੱਤਮ ਤੇ ਸਿਰਮੌਰ
ਪਿੰਡੇ ਉਸਦੇ ਗਗਨ ਵਸੇਂਦਾ
ਤੇ ਪਵਨ ਕਰੇਂਦੀ ਚੌਰ

## ਬੋਧ-ਜਿਉਂਦੀ ਮਿੱਟੀ

ਜੋ ਮਿੱਟੀ ਬੋਧ ਜਿਉਂਦੀ
ਉਹ ਮਿੱਟੀ ਸ੍ਰੇਸ਼ਟ
ਉਸ ਮਿੱਟੀ ਦਾ ਮਨ ਸੀਤਲ
ਗਗਨਾਂ ਵਰਗਾ ਵੇਸ

ਰੋਮ ਰੋਮ ਚੋਂ
ਛੰਮ ਛੰਮ ਬਰਸਣ
ਸ਼ਬਦ ਅਰਥ ਵਿਸ਼ੇਸ਼
ਹਰ ਪਾਸੇ ਉਹਦਾ ਆਪਣਾ ਚੇਹਰਾ
ਨਾ ਕੋਈ ਦੇਸ਼ ਵਿਦੇਸ਼

ਉਸ ਦਾ ਨਾ ਕੋਈ ਤੇਰਾ ਮੇਰਾ
ਉਸ ਮਿੱਟੀ ਦੇ ਲੋਕ
ਉਸ ਮਿੱਟੀ ਦੇ ਹਰ ਕੋਈ ਸਮਝੇ
ਅਬੋਲੇ ਸ਼ਬਦ ਸਲੋਕ

ਉਹ ਮਿੱਟੀ ਹੈ
ਤੇਰੇ ਮੇਰੇ ਨਕਸ਼ਾਂ ਦਾ ਵਿਸਥਾਰ
ਵਸੇ ਤੇਰੇ ਚਾਰ ਚੁਫੇਰੇ
ਜਿਸ ਦੇ ਤੂੰ ਵਿਚਕਾਰ

ਸਿਰਜੇ!
ਉਸ ਨੇ ਬੁੱਤ ਨਿਰੋਏ
ਸੂਰਜ, ਧਰਤੀ, ਚੰਨ, ਸਿਤਾਰ

ਉਸ ਮਿੱਟੀ ਦੀ ਜੋਤ ਜਗੇਂਦੀ
ਦੋ ਨੈਣਾਂ ਵਿਚਕਾਰ
ਉਸ ਤੋਂ ਨੀਵਾਂ ਨੀਵਾਂ ਸਭ ਕੁੱਝ
ਉਹ ਮਿੱਟੀ ਕਰਤਾਰ
ਚੁੰਮ ਚੁੰਮ ਲਾਵੇ ਹਰ ਕੋਈ
ਉਸ ਦੀ ਮਿੱਟੀ ਮੱਥੇ ਨਾਲ

ਹਰ ਇਕ ਦੀ
ਉਹ ਪੀੜ ਪਛਾਣੇ
ਹਰ ਇਕ ਦੀ ਉਹ ਸਾਰ
ਉਹ ਮਿੱਟੀ ਮੇਰੇ ਬੋਲ ਕਤੇਬਾਂ
ਉਹ ਮਿੱਟੀ ਮੇਰੇ ਪ੍ਰਾਣ
ਉਹ ਮਿੱਟੀ ਹੈ ਪੌਣਾਹਾਰੀ
ਤੇ ਪੌਣਾਂ ਦੀ ਜਾਨ

ਜਦ ਉਹ ਉੱਚਰੇ
ਉੱਚਰੇ ਸ਼ਬਦ ਅਮੋਲ
ਖੁਸ਼ਬੋਆਂ!
ਉਹਦਾ ਜਲ ਭਰੇਵਣ
ਲੈ ਹੱਥੀਂ ਸੱਚ ਦੇ ਡੋਲ

ਉਹ ਮਿੱਟੀ ਭਵਿੱਖ ਸਮੇਂ ਦਾ
ਉੱਤਮ ਤੇ ਸਿਰਮੌਰ
ਪਿੰਡੇ ਉਸਦੇ ਗਗਨ ਵਸੇਂਦਾ
ਤੇ ਪਵਨ ਕਰੇਂਦੀ ਚੌਰ

ਉਸਦੇ ਨੈਣਾਂ 'ਚੋਂ ਫੁੱਟੇ
ਕਈ ਚਾਨਣ ਦੇ ਦਰਿਆ
ਉਹ ਮਿੱਟੀ ਮਾਨਵ ਦੀ ਮੰਜ਼ਲ
ਤੇ ਮਾਨਵਤਾ ਦਾ ਰਾਹ

ਉਹ ਮਿੱਟੀ ਹੈ ਜੀਵਨ-ਦਰਸ਼ਨ
ਤੇ ਜੀਵਨ ਦੇ ਸਾਹ
ਉਸ ਮਿੱਟੀ ਬਿਨ
ਸਿਰਜ ਨਹੀਂ ਸਕਦੀ
ਦੁਨੀਆਂ ਆਪਣਾ ਰਾਹ

ਉਸ ਦਾ
ਆਪਣਾ ਹੀ ਇਕ ਰੰਗ ਹੈ
ਇਸ ਲਈ
ਉਹ ਮਿੱਟੀ ਬੇਰੰਗ ਹੈ
ਸੱਚੀ ਸੁੱਚੀ ਬੜੀ ਨਿਸ਼ੰਗ ਹੈ
ਜਲ ਦਾ ਵੇਗ
ਪੌਣ ਤਰੰਗ ਹੈ

ਹਰ ਇਕ ਦੇ ਹੈ ਲਹੂ ਵਰਗੀ
ਰੁੱਖ ਚਾਨਣ ਦੇ ਉੱਗੀ ਆਵਣ
ਜਿੱਥੇ ਜਿੱਥੇ ਪੈਰ ਹੈ ਧਰਦੀ
ਉਸਦੇ
ਆਪਣੇ ਧਰਤ, ਅਕਾਸ਼
ਆਪਣੇ ਪੰਖ, ਆਪਣੇ ਪ੍ਰਵਾਜ਼,
ਆਪਣੇ ਗੀਤ,
ਆਪਣੇ ਸਾਜ਼,
ਉਸ ਦੇ ਆਪਣੇ ਰਸਮ ਰਿਵਾਜ਼
ਉਹ ਨਾ ਚਿੱੜੀਆਂ
ਉਹ ਨਾ ਬਾਜ਼!!

ਉਹ ਮਿੱਟੀ ਹੈ
ਆਪਣੀ ਸਿਰ੍ਜਣਹਾਰ
ਉਸ ਮਿੱਟੀ ਵਿਚ ਲੋਕ ਵਸੇਂਦੇ
ਉਹ ਲੋਕਾਂ ਵਿਚਕਾਰ

ਉਸ ਦੀ ਸੈਨਤ ਪੌਣ ਖਲਾਰੇ
ਸਮਾਂ ਠਹਿਰਦਾ ਜਾਵੇ
ਹਰ ਚੇਹਰੇ ਚੋਂ ਉਸਦਾ ਚੇਹਰਾ
ਉੱਗਦਾ ਫੈਲਦਾ ਆਵੇ

ਉਸਦਾ ਚਾਨਣ
ਹਰ ਮਿੱਟੀ ਵਿਚ ਵੱਸੇ
ਪਰ ਹਰ ਇਕ ਮਿੱਟੀ
ਆਪਣੇ ਆਪ ਨੂੰ
ਉੱਚਾ ਉੱਚਾ ਦੱਸੇ

ਮਿੱਟੀ
ਆਪਣੇ ਹੀ ਚਾਨਣ ਤੋਂ
ਪਈ ਦੂਰ ਦੁਰੇਡੀ ਵੱਸੇ
ਪੜ੍ਹੇ ਨਾ ਆਪਣੇ ਦੇਹ ਦਾ ਵਰਕਾ
ਸਾਇਆਂ ਪਿੱਛੇ ਨੱਸੇ
ਜੋ ਮਿੱਟੀ ਬੋਧ ਵਸੇਂਦੀ
ਥੀਵਾਂ ਉਸ ਕੁਰਬਾਨ
ਉਸ ਮਿੱਟੀ ਨੂੰ
ਮਿੱਟੀ ਵਿਚਲੇ
ਹੈ ਚਾਨਣ ਦੀ ਪਹਿਚਾਣ
ਉਸ ਮਿੱਟੀ ਨੂੰ
ਦਮ ਦਮ ਹੈ ਪਰਨਾਮ
ਉਸ ਮਿੱਟੀ ਦਾ ਬੁੱਤ ਬਣਾ ਕੇ
ਰੱਖਾਂ 'ਤੇਰਾ ਨਾਮ'

ਉਹ ਮਿੱਟੀ ਹੈ
ਰੰਗ-ਮੰਚ, ਪਾਤਰ, ਦਰਸ਼ਕ
ਸੂਤਰਧਾਰ
ਉਹ ਹੈ
ਨਾਟਕ, ਕਾਰਜ, ਹਰਕਤ
ਕਰਮ ਤੇ ਬੋਲ ਵਿਚਾਰ

ਉਸ ਦੇ ਮੱਥੇ 'ਚੋਂ ਜਨਮੇਗਾ
ਆਉਣ ਵਾਲਾ ਸੰਸਾਰ
ਉਹ ਮਿੱਟੀ ਹੈ
ਕੰਧਾਂ, ਕੋਠੇ, ਗਲ਼ੀਆਂ
ਦਰ, ਦਰਬਾਰ

ਉਸ ਮਿੱਟੀ ਦੀ ਆਪਣੀ ਬੋਲੀ
ਸੁੱਚੇ ਸ਼ਬਦ ਵਿਚਾਰ
ਉਹ ਮਿੱਟੀ! ਮਿੱਟੀ ਤੋਂ ਨੀਵੀਂ
ਲੋਕਾਂ ਦੇ ਵਿਚਕਾਰ

ਉਹ ਮਿੱਟੀ ਹੈ
ਹਰ ਮਿੱਟੀ ਦੀ, ਮਿੱਟੀ ਪਹਿਰੇਦਾਰ
ਉਸ ਮਿੱਟੀ ਦੀ ਗੋਦ 'ਚ ਖੇਡਣ
ਮੌਸਮ ਸਭੇ ਬਹਾਰ
ਉਹ ਮਿੱਟੀ ਹੈ
ਰੋਜ਼ੀ, ਰਿਜ਼ਕ ਤੇ ਕਾਰ
ਉਹ ਮਿੱਟੀ ਹੈ ਆਪ ਲੋਕਾਈ
ਉਹ ਮਿੱਟੀ ਸੰਸਾਰ
ਉਹ ਮਿੱਟੀ ਹੈ
ਤੇਰੀ ਮੇਰੀ ਸਭ ਦੀ ਪਾਲਣਹਾਰ
ਉਹ ਮਿੱਟੀ ਹੈ, ਖੁੱਲ੍ਹਾ ਅੰਬਰ
ਨਾ ਕੋਈ ਭਿੱਤ ਦੀਵਾਰ

ਬੋਧ ਵਸੇਂਦੀ ਮਿੱਟੀ
ਛਾਵਾਂ ਵਰਗੀ ਹੈ
ਬੋਧ ਵਸੇਂਦੀ ਮਿੱਟੀ
ਮਾਵਾਂ ਵਰਗੀ ਹੈ

ਬੋਧ ਵਸੇਂਦੀ ਮਿੱਟੀ
ਹੀ ਗੁਣਵੰਤੀ ਹੈ

ਬੋਧ ਵਸੇਂਦੀ ਮਿੱਟੀ
ਹੀ ਜਗ-ਜੰਨਤੀ ਹੈ

ਉਸ 'ਚੋਂ ਜੰਮਣ ਰੁੱਖ
ਰੁੱਖਾਂ ਦੀਆਂ ਨਿੱਘੀਆਂ ਧੁੱਪਾਂ ਛਾਵਾਂ
ਉਸ ਦੇ ਰੋਮ ਰੋਮ 'ਚ ਉੱਗਣ
ਤੇਰੀਆਂ ਮੇਰੀਆਂ ਬਾਂਵ੍ਹਾਂ

ਉਸ ਮਿੱਟੀ ਦੇ ਵਿਚ ਵੱਸੇ
ਮਿੱਟੀ ਦਾ ਸੰਸਾਰ
ਉਸ ਮਿੱਟੀ ਵਿਚ ਲੋਕ ਵਸੇਂਦੇ
ਅੰਦਰ ਵੀ ਤੇ ਬਾਹਰ

ਉਸ ਦੇ ਮੱਥੇ ਵਿਚੋਂ ਫੁੱਟਣ
ਸਾਗਰ ਤੇ ਦਰਿਆ
ਉਸ ਦੇ ਦਿਲ 'ਤੇ ਆ ਕੇ ਮੁੱਕਣ
ਦੁਨੀਆਂ ਦੇ ਸਭ ਰਾਹ

ਜੋ ਉਸ ਦਾ ਪ੍ਰਛਾਵਾਂ ਚੁੰਮੇ
ਉਹ ਸੁੱਚਾ ਹੋ ਜਾਹ
ਉਸ ਮਿੱਟੀ ਦੇ ਅੰਦਰ ਤੀਰਥ
ਕੰਢੇ ਬਹਿ ਨਹਾ

ਉਹ ਮਿੱਟੀ ਤੇਰੇ ਵਿਚ ਵੱਸੇ
ਤੂੰ ਉਸ ਦਾ ਹੋ ਜਾਹ
ਤੇਰੀ ਮਿੱਟੀ ਦੇ ਵਿਚ ਦੌੜਣ
ਉਸ ਮਿੱਟੀ ਦੇ ਸਾਹ

ਉਹ ਮਿੱਟੀ
ਹਰ ਮਿੱਟੀ 'ਚੋਂ ਆਪਣਾ ਚੇਹਰਾ ਤੱਕੇ
ਉਸ ਮਿੱਟੀ ਨੂੰ
ਹਰ ਮਿੱਟੀ ਹੀ ਆਪਣੀ ਮਿੱਟੀ ਲੱਗੇ

ਉਹ ਮਿੱਟੀ
ਹਰ ਮਿੱਟੀ 'ਚੋਂ ਆਪਣੇ ਨਕਸ਼ ਉੱਗਾਏ
ਉਹ!
ਮਿੱਟੀ ਚੋਂ ਮਿੱਟੀ ਦਾ
ਇਕ ਬੁੱਤ ਸਿਰਜਦੀ ਜਾਏ

ਜਿਸਦੀ ਦ੍ਰਿਸ਼ਟੀ
ਵਿੱਦਿਆ....ਵਿੱਦਿਆ....
ਜਿਸਦੇ ਬੋਲ ਗ੍ਰੰਥ
ਜਿਸਦੀ ਨਜ਼ਰ 'ਚ ਮਾਨਵਤਾ ਹੈ
ਸਭ ਤੋਂ ਉੱਚਾ ਪੰਥ

ਜਿਸਦੇ ਰੋਮ ਰੋਮ 'ਚੋਂ ਆਵੇ
ਬਸ ਤੂੰ ਦੀ ਖ਼ੁਸ਼ਬੋਅ
ਜਿਸਦਾ ਚੇਹਰਾ ਆਪਣਾ ਲੱਗੇ
ਹੈ ਆਪਣਾ ਚੇਹਰਾ ਜੋ
ਜਿਸਦੀ ਜੀਭਾ ਸਦਾ ਅਲਾਪੇ
ਮਿੱਟੀ! ਅਪਰਮਪਾਰ
ਮਿੱਟੀ ਦੇ ਹੀ ਲੋਕ ਸਦੀਵਣ
ਮਿੱਟੀ ਦੀ ਸਰਕਾਰ

ਜੰਗਲ 'ਚੋਂ
ਉਸ ਸ਼ਹਿਰ ਉੱਗਾਏ
ਕੰਡਿਆਂ ਚੋਂ ਗੁਲਜ਼ਾਰ
ਧੋਵੇ ਉਹ
ਧਰਤੀ ਦਾ ਮੁੱਖੜਾ
ਕੱਚਿਆਂ ਦੁੱਧਾਂ ਨਾਲ

ਸ਼ਹਿਦ ਨਾਲੋਂ ਵੀ ਮਿੱਠਾ ਮਿੱਠਾ
ਉਸਦਾ ਬਚਨ ਲਿਬਾਸ
ਉਹ ਮਿੱਟੀ

ਮਿੱਟੀ ਦੀ ਕਿਸਮਤ
ਹੈ ਜਿਸ ਮਿੱਟੀ ਪਾਸ

ਉਹ ਬੀਜੇ ਮਿੱਟੀ ਦੇ ਪਿੰਡੇ
ਗਤੀਆਂ ਤੇ ਪਰਵਾਹ
ਮਿੱਟੀ 'ਚੋਂ ਉੱਗਾਏ ਉਸਨੇ
ਪਰਬਤ ਉੱਚ ਅਥਾਹ

ਉਹ ਮਿੱਟੀ!
ਮਿੱਟੀ ਨੂੰ ਕਦੀ ਨਾ ਲਾਵੇ ਢਾਅ
ਉਹ ਮਿੱਟੀ ਭਰੇ ਤ੍ਰੇੜਾਂ
ਬੀਜੇ ਨਿੱਤ ਦਿਲ ਚਾਅ

ਮਿੱਟੀ ਚੋਂ ਹੀ ਮਿੱਟੀ ਦਾ
ਉਹ ਸੂਰਜ ਦਏ ਉੱਗਾ
ਉਹ ਮਿੱਟੀ!
ਮਿੱਟੀ ਹੋ ਜਾਏ ਆਪਣਾ ਆਪਾ ਪਾ
ਉਸਨੇ! ਦੱਸਣਾ ਹਰ ਮਿੱਟੀ ਨੂੰ
ਨਵਾਂ ਨਿਰੋਇਆ ਰਾਹ

ਜੋ ਮਿੱਟੀ ਬੋਧ ਹੰਢਾਉਂਦੀ
ਉਹ ਮਿੱਟੀ ਅਮੁੱਕ
ਹਰ ਮਿੱਟੀ ਦੀ ਪੀੜਾ ਹਰਨੀ
ਉਸ ਮਿੱਟੀ ਦਾ ਸੁੱਖ
ਪੈਰ ਪੈਰ 'ਤੇ
ਜਨਮੇਂ ਸੂਰਜ
ਉਸ ਮਿੱਟੀ ਦੀ ਕੁੱਖ

ਨੈਣੀਂ ਉਸਦੇ ਗਗਨ ਵਸੇਂਦਾ
ਹਿਰਦੇ ਵੱਸਦੀ ਭੌਇ

ਜਲ ਨੇ ਜਲ ਨੂੰ
ਮੁੱਠ 'ਚ ਫੜਨਾ, ਸਿੱਖਿਆ ਹੈ ਜਿਸ ਤੋਂ

ਅਗਨ ਨੇ
ਜਿਸ ਤੋਂ ਨਿੱਘ ਪਛਾਤਾ
ਹਵਾ ਪਛਾਤਾ ਵੇਗ
ਉਸ ਮਿੱਟੀ ਨੇ ਲਿਖਣੇ ਹਨ
ਹਰ ਮਿੱਟੀ ਦੇ ਲੇਖ

ਉਸ ਮਿੱਟੀ ਦੀ ਜੀਭਾ ਉੱਪਜੇ
ਦਰਸ਼ਨ ਤੇ ਵਿਗਿਆਨ
ਉਸਦੀ ਬਾਣੀ
ਹਰ ਮਿੱਟੀ ਦੀ ਬਾਣੀ ਦਾ ਹਾਣ

ਉਸਦੇ ਬੋਲੀਂ
ਮੌਸਮ ਵੱਸਦੇ
ਉਸਦੀ ਦੇਹ ਵਿਚ ਰੁੱਤਾਂ
ਉਸਦੀ ਦੀਦ ਲਈ ਨੈਣ ਵਿਛਾਏ
ਮਿਸ਼ਰੀ ਵਰਗਿਆਂ ਬੁੱਤਾਂ

ਉਹ ਮਿੱਟੀ ਹੈ
ਆਪਣਾ ਆਪ ਦੀਦਾਰ
ਉਸ ਮਿੱਟੀ ਵਿਚ ਲੋਕ ਵਸੇਂਦੇ
ਉਹ ਲੋਕਾਂ ਵਿਚਕਾਰ

-0-

# ਭਾਗ ਚੌਥਾ

ਗਗਨੋਂ ਜਲ
ਜਦ ਧਰਤੀ ਤੇ ਵਸੇ
ਜਲ ਆਪਣੀ ਮਿੱਟੀ ਦੇ ਜਲ ਨੂੰ
ਨੀਵਾਂ ਹੋ ਵੱਗਣਾ ਦੱਸੇ
ਦਿਸਹੱਦੇ 'ਤੇ ਖੜ੍ਹੇ ਗਗਨ ਦੀ
ਜਲ ਨੂੰ ਕਥਾ ਸੁਣਾਏ
ਧਰਤੀ ਦੇ ਵਿਯੋਗ 'ਚ
ਅੰਬਰ ਨੀਵਾਂ ਹੁੰਦਾ ਜਾਏ

ਤਰਸੇ ਚੁੰਮਣ ਲਈ ਪੌਣਾਂ ਨੂੰ
ਜੋ ਧਰਤੀ ਤੇ ਵਗਣ
ਅਸੰਭਵ ਨਾ
ਪਰ ਅੰਬਰ ਨੂੰ
ਹਸਤੀਉਂ ਬਾਹਰੀਆਂ ਲੱਗਣ

ਕਿਰਨਾਂ ਸੰਗ ਸੂਰਜ ਦੇ ਮੂੰਹੋਂ
ਦੁੱਖ ਧਰਤੀ ਦਾ
ਸੁਣ ਕੇ ਅੰਬਰ ਰੋਏ
ਉੱਚੇ ਤਖ਼ਤ ਬਹਾ ਸੂਰਜ ਨੂੰ
ਪੈਰ ਸੂਰਜ ਦੇ ਧੋਏ

ਘੱਲ ਘੱਲ ਬੱਦਲਾਂ ਹੱਥ ਸੁਨੇਹੇ
ਲੈਂਦਾ ਰਹੇ ਕੰਨਸੋਆਂ
ਲਾ ਕੇ ਚਾਂਦਨੀ ਹਿੱਕ ਨਾਲ
ਮਾਣੇ ਧਰਤ ਦੀਆਂ ਖੁਸ਼ਬੋਆਂ

* ਗਗਨ ਵਸੇਂਦੀ ਮਿੱਟੀ ਵਸਦਾ ਬੋਧ
* ਪੌਣ ਵਸੇਂਦੀ ਮਿੱਟੀ ਵਸਦਾ ਬੋਧ
* ਅਗਨ ਵਸੇਂਦੀ ਮਿੱਟੀ ਵਸਦਾ ਬੋਧ
* ਜਲ ਵਸੇਂਦੀ ਮਿੱਟੀ ਵਸਦਾ ਬੋਧ

ਭੁੱਖੀ ਪੋਟਾ ਪੋਟਾ ਮਿੱਟੀ
ਪੈਲੀਆਂ ਨਾਂਅ ਰਖਵਾ ਕੇ
ਸੌਂਦੀ ਨੰਗੀ ਸੜਕਾਂ ਉੱਤੇ
ਅੰਨਦਾਤੀ ਅਖਵਾ ਕੇ

## ਗਗਨ ਵਸੇਂਦੀ ਮਿੱਟੀ ਵਸਦਾ ਬੋਧ

ਹੋਵੇਗਾ ਚਾਨਣ
ਘਰ ਘਰ ਦੇ ਵਿਚ
ਜਗੀ ਜਾਂ ਮੇਰੀ ਜੋਤ
ਮੈਂ।
ਗਗਨ ਗੁੱਝੀ ਮਿੱਟੀ ਵਸਦਾ ਬੋਧ
ਹਾਂ।
ਆਪੇ-ਬੋਲ-ਸ੍ਰੋਤ

## ਗਗਨ ਵਸੇਂਦੀ ਮਿੱਟੀ ਵਸਦਾ ਬੋਧ

ਮੈਂ!
ਗਗਨ ਗੁੱਝੀ ਮਿੱਟੀ ਵਸਦਾ ਬੋਧ
ਹਾਂ!
ਆਪੇ-ਬੋਲ-ਸਰੋਤ

ਮੈਂ!
ਹਰ ਯੁੱਗ 'ਚ
ਨਵੀਂ ਪ੍ਰਕਿਰਤੀ ਜਨਮੀਂ ਹੈ
ਮੇਰਾ ਕਰਮ ਹੀ
ਮੇਰੀ ਆਪਣੀ ਕਰਨੀ ਹੈ

ਮੈਂ!
ਆਪਣੇ ਲਹੂ 'ਚ ਡੁੱਬ
ਸ੍ਰਿਸ਼ਟੀ ਤਰਨੀ ਹੈ
ਨੌਹਾਂ ਤੋਂ ਸਿਰ ਦੇ ਵਾਲਾਂ ਤੀਕਣ
ਲੋਅ ਹੀ ਲੋਅ ਬਸ ਕਰਨੀ-ਹੈ

ਮਸਤਕ ਦੇ ਵਿਚ
ਜਿਹੜਾ ਸੂਰਜ ਚੜ੍ਹਿਆ ਹੈ
ਉਸਦੀ ਸੁਬ੍ਹਾ
ਰਾਤ ਹਨ੍ਹੇਰੀ ਵਰਣੀ ਹੈ

ਕਾਲੀ ਨਦੀ
ਜੋ ਧਰਤੀਉਂ ਉੱਚਾ ਵਗਦੀ ਹੈ

ਉਹ ਤੇ ਉਸ ਦੇ ਅੰਬਰ ਦੀ
ਚਿੱਖਾ ਧਰਤ 'ਤੇ ਬਲਣੀ ਹੈ

ਹੋਵੇਗਾ ਚਾਨਣ
ਘਰ ਘਰ ਦੇ ਵਿਚ
ਜਗੀ ਜਾਂ ਮੇਰੀ ਜੋਤ
ਮੈਂ!
ਗਗਨ ਗੁੱਝੀ ਮਿੱਟੀ ਵਸਦਾ ਬੋਧ
ਹਾਂ!
ਆਪੇ-ਬੋਲ-ਸਰੋਤ

ਗਗਨ ਗੁੱਝੀ ਮਿੱਟੀ
ਵਸਦਾ ਬੋਧ
ਹੈ ਜਜ਼ਬੇ ਦੀ ਖੋਜ
ਤੇਰੇ ਚੋਂ ਮੇਰੇ ਦੀ
ਮੇਰੇ ਚੋਂ ਤੇਰੇ ਦੀ
ਮਾਨਵ 'ਚੋਂ ਮਾਨਵ ਦੀ
ਭੁੱਖ ਹੈ! ਭਰ ਜਾਵਣ ਦੀ
ਕੁੱਝ ਕਰਕੇ ਮਰ ਜਾਵਣ ਦੀ

ਜਲ ਤੋਂ ਤੁਰਕੇ ਲੰਘਣਾ
ਤੇ ਸਹਿਰਾ ਤਰ ਜਾਵਣ ਦੀ
ਜ਼ਿੰਦਗੀ ਦੇ ਠਰਦੇ ਅੰਗੀਂ
ਇਕ ਸੂਰਜ ਧਰ ਜਾਵਣ ਦੀ

ਪੌਣ ਦੀਆਂ ਮੁੱਠਾਂ ਭਰਨਾ
ਦੇਹ ਤੋਂ ਦੇਹ ਤਕ ਤਰਨਾ
ਪ੍ਰਿਥਵੀ ਦਾ ਜਲ ਸਾਰਾ
ਇਕੋ ਘੁੱਟੇ ਪੀਣਾ
ਧਰਤ ਟਿਕਾ ਕੇ ਤਲੀਏ
ਨਸ਼ਿਆ ਨਸ਼ਿਆ ਕੇ ਜੀਣਾ

ਸਾਗਰ!
ਰਿੜਕਣ ਦੀਆਂ ਬਾਤਾਂ
ਦਿਨ ਲੰਬੇ
ਨਿੱਕੀਆਂ ਰਾਤਾਂ
ਸੂਰਜ ਦੀ ਥਾਂ 'ਤੇ ਸੂਰਜ
ਅੰਬਰੀਂ ਲਟਕਾ ਕੇ ਫਿਰਨਾ
ਇਕ ਦੁਨੀਆਂ
ਸੁੱਥਰੀ, ਸੁੱਥਰੀ
ਨੈਣਾਂ ਵਿਚ ਪਾ ਕੇ ਫਿਰਨਾ

ਇਕ ਜੰਗਲ
ਸ਼ਬਦਾਂ ਅਰਥਾਂ ਦਾ
ਚੇਹਰੇ 'ਤੇ ਉੱਗਾ ਕੇ ਫਿਰਨਾ
ਤੇ
ਲੀਰੋ ਲੀਰ ਮਨੁੱਖਤਾ
ਮੱਥੇ 'ਚ ਜਗਾ ਕੇ ਫਿਰਨਾ

ਕਦੀ
ਸੀਸ 'ਚੋਂ ਉੱਗਣ ਤਲੀਆਂ
ਕਦੀ
ਕਦੇ ਤਲੀਏ ਸੀਸ ਟਿਕਾਣਾ
ਕਦੇ
ਆਪਾ ਲੱਭ ਲੱਭ ਰੱਖਣਾ
ਕਦੀ
ਆਪਾ ਆਪ ਗਵਾਉਣਾ

ਮੈਂ!
ਗਗਨ ਗੁੱਝੀ ਮਿੱਟੀ ਵਸਦਾ ਬੋਧ
ਹਾਂ!
ਆਪੇ-ਬੋਲ-ਸ੍ਰੋਤ
ਜਿਸ ਮਿੱਟੀ

ਇਹ ਬੋਧ ਵਸੇਰਾ
ਉਸਦਾ ਨਾ ਕੋਈ ਤੇਰਾ ਮੇਰਾ
ਉਹ ਮਿੱਟੀ
ਬਸ ਮਿੱਟੀ ਜਾਪੇ
ਤੇ ਮਿੱਟੀ ਲਈ ਜੀਵੇ
ਜੀਵਨ 'ਚ
ਚਾਨਣ ਭਰ ਦੇਵੇ
ਜੀਵਨ ਦੀ ਕਾਲਖ਼ ਪੀਵੇ

ਜਲ! ਪਹਿਚਾਣੇ
ਅਗਨ! ਪਹਿਚਾਣੇ
ਗਗਨ! ਪਹਿਚਾਣੇ
ਪੌਣ! ਪਹਿਚਾਣੇ
ਮਿੱਟੀ ਤੋਂ ਮਿੱਟੀ ਤਕ ਰੌਸ਼ਨ
ਜੀਵਨ ਦੀ
ਉਹ ਜੋਤ ਪਹਿਚਾਣੇ

ਅੰਮ੍ਰਿਤ ਰਸਨਾ ਵਾਂਗ ਕਿਰਦੇ
ਦੁਨੀਆਂ ਤੇ ਦੁਨੀਆਂ ਦੇ ਰਿਸ਼ਤੇ
ਉਸ ਮਿੱਟੀ ਦੇ ਮੁੱਖੋਂ
ਜਨਮਣ ਹਰਪਲ ਲਹੂ ਦੇ ਸੂਰਜ
ਉਸ ਚਾਨਣ ਦੀ ਕੁੱਖੋਂ

ਹਰ ਇਕ ਪੈਰ 'ਤੇ
ਆਪਣੇ ਆਪ ਨੂੰ
ਕਤਰਾ...ਕਤਰਾ...
ਰੇਸ਼ਾ-ਰੇਸ਼ਾ
ਕਰਕੇ ਵੰਡੇ
ਦਗਦੇ ਅੰਗਿਆਰਾਂ 'ਤੇ ਤੁਰ ਤੁਰ
ਜਨਮੇਂ! ਰੁੱਤਾਂ ਮੌਸਮ ਠੰਡੇ

ਬੀਜੇ ਫੁੱਲ ਦ੍ਰਿਸ਼ਟੀ ਉਹਦੀ
ਚੁਣ ਚੁਣ ਕੇ ਰਾਹਾਂ ਦੇ ਕੰਡੇ
ਮਨੁੱਖਤਾ ਪੈਰੀਂ ਨੈਣ ਵਿਛਾਏ
ਝੋਲੀਆਂ ਭਰ ਭਰ ਚੁੰਮਣ ਵੰਡੇ

ਆਪੇ ਗਰਭ
ਆਪੇ ਪੀੜਾ
ਆਪੇ ਆਪਣਾ ਜਲ ਤਰੇ
ਅੱਜ ਦੇ
ਮਿਟਦੇ ਮਿਟਦੇ ਦਿਨ ਲਈ
ਕੱਲ੍ਹ ਦੇ ਨਕਸ਼ ਤਿਆਰ ਕਰੇ
ਮੈਂ!
ਗਗਨ ਗੁੱਝੀ ਮਿੱਟੀ ਵਸਦਾ ਬੋਧ
ਹਾਂ!
ਆਪੇ-ਬੋਲ-ਸ੍ਰੋਤ

ਪੰਜ ਦਰਿਆ
ਮੇਰੀ ਦੇਹੀ ਵਗਦੇ
ਛੇਵਾਂ ਸਾਗਰ ਜਾਨਣ ਲਈ
ਆਪਣੀ ਅੱਗ 'ਚ ਸੜ ਰਿਹਾ ਹਾਂ
ਹਰਿਆਵਲ ਉੱਗਾ ਕੇ ਆਪਣੇ ਮੱਥੇ
ਰੇਤ ਦਾ ਸਾਗਰ ਤਰ ਰਿਹਾ ਹਾਂ

ਕਈ ਵਾਰੀ ਮਰਿਆਂ
ਫਿਰ ਜੰਮਣ ਲਈ
ਆਪਣੀ ਜੀਭਾ
ਅੱਗ ਰੱਖਣ ਲਈ

ਮਸਤਕ ਦਾ ਸ਼ੀਸ਼ਾ
ਏਨਾ ਧੁੰਦਲਾ ਤੇ ਮੈਲਾ ਹੈ

ਕਿ ਆਪਣੇ ਨਕਸ਼ ਸਿਆਣਨ ਖਾਤਿਰ
ਸੂਲੀ ਤੇ ਚੜ੍ਹਨਾ ਪੈਂਦਾ ਹੈ
ਅਰਥਾਂ ਦਾ
ਇਕ ਗਹਿਰਾ ਜੰਗਲ
ਬਿਨ-ਸ਼ਬਦੋਂ ਤਰਨਾ ਪੈਂਦਾ ਹੈ

ਮੈਂ!
ਗਗਨ ਗੁੱਝੀ ਮਿੱਟੀ ਵਸਦਾ ਬੋਧ
ਹਾਂ!
ਆਪੇ-ਬੋਲ-ਸੂਤ

ਮੇਰੀ ਹੋਂਦ ਦੁਆਲੇ
ਉੱਗੇ ਥਲ ਚੋਂ
ਕਈ ਰੰਗ ਫੁੱਟੇ
ਸਭ ਤੋਂ ਪਹਿਲਾ
ਅੱਖੀਆਂ ਦੇ ਤੱਤੇਪਨ ਦਾ ਸੀ
ਮਨ, ਬੁੱਧੀ ਤੇ ਤਨ ਦਾ ਸੀ

ਜਿਸ ਦੁਆਲੇ
ਚੌਂਹ ਦਿਸ਼ਾਵੀਂ
ਵਹਿਸ਼ਤ ਦੇ ਹਨ ਸਾਲਮ ਜੰਗਲ
ਹੁਣ ਤਕ ਜਿਨ੍ਹਾਂ
ਮੇਰਾ ਜੁੱਸਾ ਘੁੱਟੀ ਰੱਖਿਆ
ਜ਼ਮੀਂ 'ਤੇ ਵਰਗੀ ਹਵਾ ਦੇ ਵਾਂਗੂੰ
ਨਹੀਂ ਤਾਂ
ਅੱਜ ਤੋਂ ਸਦੀਆਂ ਪਹਿਲਾਂ
ਪੁਰਜਾ ਪੁਰਜਾ ਹੋ ਜਾਂਦਾ ਮੈਂ
ਆਪਣੀ ਮੁੱਠ 'ਚ
ਖੋਅ ਜਾਂਦਾ ਮੈਂ

ਮੇਰੇ ਵਿਚਲੀਆਂ
ਪਸ਼ੂ-ਬਿਰਤੀਆਂ

ਮੇਰਾ ਮੁੱਢ ਹਨ
ਮੇਰੀ ਜੜ੍ਹ ਹਨ
ਕਾਮ! ਕ੍ਰੋਧ! ਮੋਹ! ਹੰਕਾਰ
ਮੇਰੇ ਜਨਮ ਜਮਾਂਨਤਰ ਸਾਥੀ
ਬੱਤੀ ਦੀਵਾ! ਦੀਵਾ ਬੱਤੀ!!

ਮੈਂ
ਆਪਣੇ ਅੰਦਰ
ਉੱਗੇ ਰੁੱਖ ਨੂੰ
ਛਾਂਗ, ਸੰਵਾਰ, ਸਿੰਜ ਸਕਦਾ ਹਾਂ
ਮੈਂ! ਆਪਣੇ ਮੱਥੇ 'ਤੇ
ਚੰਨ ਬਣਾ ਸਕਦਾ ਹਾਂ
ਪਹਾੜ, ਦਰਿਆ, ਨਦੀਆਂ, ਨਾਲੇ
ਇਕ ਚੂਲੀ ਵਿਚ ਪੀ ਸਕਦਾ ਹਾਂ
ਹਥੇਲੀ 'ਤੇ ਟਿਕਾ ਸਕਦਾ ਹਾਂ

ਮੇਰੇ ਵਿਚਲਾ
ਕਣ ਚਾਨਣ ਦਾ
ਮੂੰਹ ਵਿਚ ਸੂਰਜ ਪਾ ਸਕਦਾ ਹੈ
ਧਰਤੀ!
ਅੰਬਰ, ਚੰਨ, ਸਿਤਾਰੇ
ਬੁੱਕਲ ਵਿਚ ਛੁਪਾ ਸਕਦਾ ਹੈ

ਮੇਰੇ ਕਣ ਦੀ ਰੌਸ਼ਨੀ ਦਾ
ਕੋਈ ਅੰਤ ਨਹੀਂ ਹੈ
ਮੇਰਾ ਕਣ ਹੀ
ਇਸ ਬ੍ਰਹਿਮੰਡ 'ਚ
ਨੂਰੀ ਨੂਰ ਦਾ
ਇਕ ਨਿਸ਼ਾਂ ਹੈ
ਪੀਰ, ਪੈਗੰਬਰ, ਦਰਸ਼ਨ ਵੇਤਾ,
ਅਨੰਤ, ਧਨਵੰਤ ਜਿਸ ਥਾਂ ਅਪੜੇ

ਮੇਰੇ ਵਿਚਲਾ ਕਣ
ਉਹ ਥਾਂ ਹੈ

ਮੈਂ! ਉਹ ਦਰ ਹਾਂ
ਤੇਰੇ ਘਰ ਦਾ
ਮੈਂ! ਉਹ ਘਰ ਹਾਂ
ਤੇਰੇ ਦਰ ਦਾ
ਜਿਸਦੀ ਭਾਲ 'ਚ
ਜੰਗਲ ਸ਼ਹਿਰ ਨੂੰ
ਸ਼ਹਿਰ ਜੰਗਲ ਨੂੰ
ਭੁਰਿਆ ਤੇ ਮੁੜਿਆ
ਟੁੱਟਿਆ ਤੇ ਜੁੜਿਆ
ਉਸਰਿਆ, ਭੁਰਿਆ

ਮੈਂ!
ਗਗਨ ਗੁੱਝੀ ਮਿੱਟੀ ਵਸਦਾ ਬੋਧ
ਹਾਂ।
ਆਪੇ-ਬੋਲ-ਸ੍ਰੋਤ
ਮੈਂ!
ਜਦ ਤੂੰ ਦਾ ਹੋਇਆ
ਮੋਈ ਮੈਂ ਚੋਂ
ਜਾਗ ਖਲੋਇਆ
ਇਕ ਦੀਵਾ
ਸੂਰਜ ਜੇਡਾ ਹੋਇਆ
ਚਿੰਤਨ ਮੇਰਾ
ਖੁਸ਼ਬੋਆਂ ਸੰਗ ਗਿਆ ਪਰੋਇਆ

ਚਾਨਣ!
ਸਭ ਜਹਾਨਣ ਹੋਇਆ
ਐਸਾ ਰੱਤਾ
ਰੰਗ ਤੇਰੇ ਮੈਂ

ਮੈਂ 'ਚੋਂ ਮੈਂ ਦਾ
ਤੇਰਾ ਹੋਇਆ

ਤੂੰ ਜੋ ਮੇਰੇ ਮੱਥੇ
ਤੂੰ ਦੀ ਜੋਤ ਜਗਾਈ
ਤੂੰ ਤੋਂ ਮੈਂ ਦੀ ਵਿੱਥ ਸਮਝਾਈ
ਮੇਰੇ ਬੌਣੇ ਕੱਦ 'ਚ
ਅੰਬਰਾਂ ਦੀ ਉੱਚਾਈ
ਮੇਰੇ ਵਿਚਲੇ ਕਣ ਨੇ
ਸਿਰਜੀ ਸਭ ਲੋਕਾਈ

ਮੇਰੀ ਦੇਹੀ
ਬ੍ਰਹਿਮੰਡ ਵਸੇਰਾ ਹੋਇਆ
ਸ਼ਾਮ ਸਵੇਰੇ
ਤੂੰ ਪਿੱਛੇ ਪਿੱਛੇ
ਮੈਂ ਜਦ ਦਾ ਤੇਰਾ ਹੋਇਆ

ਤੂੰ ਹੀ ਸੱਚ!
ਸ਼ਰਧਾ ਵਿਸ਼ਵਾਸ ਹੈਂ
ਤੂੰ!
ਜੀਵਨ ਦੀ ਅਸਲ ਰਾਸ ਹੈਂ
ਤੂੰ ਹੀ ਹੈਂ
ਜਿਸ ਆਪਣੇ ਆਪ ਨੂੰ
ਕਈ ਰੂਪਾਂ ਵਿਚ ਵੰਡ ਲਿਆ ਹੈ
ਪਰ ਰੂਪ ਤੇਰੇ ਕਿਣਕੇ ਦਾ
ਹਮੇਸ਼ ਅਖੰਡ ਰਿਹਾ ਹੈ

ਤੂੰ ਕਿਣਕੇ 'ਚੋਂ ਸੂਰਜ ਸਿਰਜੇ
ਧਰਤੀ ਵਾਲੀਂ ਟੁੰਗੇ
ਪ੍ਰਕਾਸ਼ ਬੀਜ ਕੇ
ਚਾਰ ਚੁਫੇਰੇ ਚਾਨਣ ਦੇ ਸੰਗ ਰੰਗੇ

ਤੂੰ ਕਿਰਨਾਂ ਵਿਚ ਵਗਦਾ
ਰੌਸ਼ਨ ਦਰਿਆ ਹੈਂ
ਕੁਲ ਪ੍ਰਕਿਰਤੀ ਦੀ ਸਮੱਗਰੀ
ਤੂੰ ਇਕ ਕਿਣਕਾ
ਪਰ ਅਥਾਹ ਹੈਂ

ਮੈਂ ਤੇ ਤੂੰ
ਇਕ ਦੂਜੇ ਦੇ ਮੁੱਢ ਕਦੀਮੀਂ
ਕਾਰਜ ਵੀ ਹਾਂ
ਕਾਰਨ ਵੀ ਹਾਂ
ਜੀਵਨ! ਮਰਕੇ ਜਿਉਣਾ ਹੁੰਦੈ
ਮੌਤ! ਜਿਉਕੇ ਮਰਨਾ ਹੁੰਦੈ
ਮੈਂ ਤੋਂ ਤੂੰ ਦਾ
ਤੂੰ ਤੋਂ ਮੈਂ ਦਾ
ਇਕ ਨਿਰੰਤਰ ਮਾਰਗ ਹੈ
ਕੰਢਾ! ਲਹਿਰ, ਹਵਾ, ਸਾਗਰ ਹੈ

ਮੇਰੇ ਕਣ ਨੇ
ਬੋਲ ਚੀਕ ਨੂੰ
ਤੇ ਬੋਲਾਂ ਨੂੰ ਭਾਸ਼ਾ ਬਖ਼ਸ਼ੀ
ਮੇਰੇ ਕਣ ਨੇ
ਜੰਗਲ ਨੈਣੀਂ
ਨਰਗਸ ਵਰਗੀ ਸਭਿਅਤਾ ਬੀਜੀ

ਮੈਂ!
ਆਪਣੇ ਕਣ 'ਚ ਵੱਸਦਾ
ਐਸਾ ਕਣ ਹਾਂ
ਮੈਂ! ਬੁੱਧੀ, ਚੇਤੰਨਤਾ ਤੇ ਮਨ ਹਾਂ

ਮੈਂ! ਦੇਹ ਦੀਵਾਰ ਤੋਂ
ਜਦ ਵੀ ਪਾਰ ਹੈ ਤੱਕਿਆ

ਦੇਹ ਦੇ ਕਿਣਕੇ ਵਿਚ ਵੱਸਦਾ
ਸੰਸਾਰ ਹੈ ਤੱਕਿਆ

ਮੈਂ ਆਤਮ
ਹੀ
ਬ੍ਰਹਮ ਹਾਂ
ਮੈਂ! ਕਾਲੇ ਤੇ ਚਿੱਟੇ ਰੰਗ 'ਚ
ਮੈਂ! ਰੰਗਾਂ ਦੇ ਭਰਮ 'ਚ
ਸਦਾ ਵਿਆਪਕ
ਹਵਾ-ਆਕਸੀਜਨ ਤੋਂ ਵੱਖਰਾ
ਬੇ-ਰੰਗਾ ਦਮ ਹਾਂ

ਪੰਜਾਂ ਤੱਤਾਂ ਵਿਚ ਵਸੇਂਦਾ
ਮਿੱਟੀ ਦਾ
ਮੈਂ ਛੇਵਾਂ ਤੱਤ ਹਾਂ
ਮੈਂ ਹੀ ਸੱਤ ਹਾਂ

ਮੈਂ! ਮੁਹੱਬਤ
ਮੈਂ! ਸਮਾਧੀ
ਮੈਂ! ਚੇਤਨ ਹਾ ਆਦਿ ਜੁਗਾਦਿ
ਮੈਂ ਹੀ ਘਰ-ਦਰ
ਮੈਂ ਹੀ ਜਲ-ਥਲ
ਅਗਨ ਸਵਾਹ ਹਾਂ

ਮੈਂ ਹੀ ਜੀਵਨ-ਰੂਪ! ਗਤੀ ਹਾਂ!
ਮੈਂ ਹੀ ਸ਼ੂਨਯ
ਮੈਂ ਹੀ ਵੇਗ
ਮੈਂ ਹੀ ਬ੍ਰਿਹਾ, ਕ੍ਰੋਧ, ਦਰੇਗ

ਮੈਂ!
ਆਪਣੀ ਕਾਰਜ-ਪ੍ਰਣਾਲੀ
ਦਾ ਕਰਤਾ ਹਾਂ

ਏਸੇ ਲਈ ਦੇਹ-ਦੀਵਾਰ ਤੋਂ
ਪਾਰ ਹਾਂ ਤੱਕਦਾ
ਆਪਣੇ ਆਪ ਨੂੰ
ਏਸੇ ਲਈ ਸੰਸਾਰ ਹਾਂ ਲੱਗਦਾ

ਧਰਤੀ!
ਮੈਨੂੰ ਸੂਰਜ ਜਾਪੇ
ਮੈਂ! ਧਰਤੀ ਨੂੰ ਸੂਰਜ ਲੱਗਾਂ
ਮੈਂ ਬਸ ਵੇਹੜਾ
ਮੈਂ! ਬਸ ਵੇਹੜਾ
ਦੇਹ ਵਿਚਲੀ ਦੀਵਾਰ ਨਾ ਲੱਗਾਂ

ਆਪਣੀ
ਤੀਸਰੀ ਅੱਖ ਹਮੇਸ਼ਾ
ਭੂਤ-ਭਵਿੱਖ ਦੇ ਵਿਯੂਚਕਰ 'ਚ
ਖੋਲ੍ਹ ਕੇ ਰੱਖਾਂ
ਮੈਂ!
ਇਕ ਐਸਾ ਸੁਫ਼ਨਾ ਸਿਰਜਾਂ
ਮਾਨਵ ਹਾਂ ਨਾ
ਮਾਨਵ ਦੇ ਲਈ
ਮਾਨਵ ਦੇ ਚੇਹਰੇ ਤੇ ਉੱਗਾਂ
ਮਾਨਵ ਦਾ ਵਿਸਥਾਰ ਹੀ ਲੱਗਾਂ

ਮਾਨਵ!
ਦੇ ਮਸਤਕ 'ਚੋਂ ਜਨਮੀ
ਮਾਨਵ ਦੇ ਨੈਣਾਂ ਵਿਚ ਮੋਈ
ਅੰਗਿਆਰਾਂ ਤੋਂ ਫੁੱਲ ਬਣ ਉੱਗੀ
ਤੇ ਮਾਨਵ ਦੀ ਸਦਾ ਲਈ ਹੋਈ
ਜ਼ਿੰਦਗੀ! ਸਬਜ਼ ਬਹਾਰ ਹੋ ਲੱਗਾਂ

-0-

## ਪੌਣ ਵਸੇਂਦੀ ਮਿੱਟੀ ਵਸਦਾ ਬੋਧ

ਤੁਰਦੀ ਬੂੰਦ
ਬੂੰਦ ਦੇ ਪਿੰਡੇ
ਲਹੂ 'ਚ ਪੌਣ ਜਗਾ ਕੇ
ਪੀ ਪੀ ਘੜੇ ਜ਼ਹਿਰ ਦੇ ਪਲ ਪਲ
ਕੁੱਛੜ ਅੰਮ੍ਰਿਤ ਚਾਇਕੇ
ਤੱਕਿਆ ਸਮੇਂ ਨੇ ਆਪਣਾ ਚੇਹਰਾ
ਇਕ ਬੁੱਲਾ ਪਿੰਡੇ ਪਾ ਕੇ
ਨੱਚਿਆ ਪੈਰੀਂ ਬੰਨ੍ਹ ਕੇ ਸੂਰਜ
ਮਿੱਟੀ ਮੱਥੇ ਲਾ ਕੇ

## ਪੌਣ ਵਸੇਂਦੀ ਮਿੱਟੀ ਵਸਦਾ ਬੋਧ

ਪਤਝੜ ਪਿੰਡੇ ਜਿਉਂ ਹਰਿਆਵਲ
ਹਰਿਆਵਲ ਹਵਾ ਦੀ ਜੋਤ
ਪੌਣ ਵਸਾ ਕੇ ਪਿੰਡੇ ਮਿੱਟੀ
ਉਗਲੇ ਸਮੇਂ ਦਾ ਬੋਧ

ਤੁਰਦੀ ਬੂੰਦ
ਬੂੰਦ ਦੇ ਪਿੰਡੇ
ਲਹੂ 'ਚ ਪੌਣ ਜਗਾ ਕੇ
ਪੀ ਪੀ ਘੜੇ ਜ਼ਹਿਰ ਦੇ ਪਲ ਪਲ
ਕੁੱਛੜ ਅੰਮ੍ਰਿਤ ਚਾਇ ਕੇ

ਝਰਦਾ ਨੂਰ ਰੁੱਖਾਂ ਦੇ ਪਿੰਡਿਉਂ
ਕਿਰਨਾਂ ਦੀ ਸਰਘ ਨਹਾ ਕੇ
ਚੁੰਘ ਚੁੰਘ ਚਾਂਦਨੀ
ਨੱਚਿਆ ਜੰਗਲ
ਧੁੱਪ ਅੱਡੀਆਂ ਨੂੰ ਲਾ ਕੇ

ਚੁੰਮਿਆਂ ਪੌਣ ਨੇ ਪੱਤਾ ਪੱਤਾ
ਮਿਸ਼ਰਈ ਬੁਲ੍ਹ ਛੁਹਾ ਕੇ
ਸੁੱਤੀ ਰਾਤ ਜੰਗਲ ਦੇ ਪਿੰਡੇ
ਦਹੀਂ ਮਲ ਕੇ ਦੁੱਧੀਂ ਨਹਾ ਕੇ

ਤੱਕਿਆ ਸਮੇਂ ਨੇ ਅਪਣਾ ਚੇਹਰਾ
ਇਕ ਬੁੱਲਾ ਪਿੰਡੇ ਪਾ ਕੇ

ਨੱਚਿਆਂ ਪੈਰੀਂ ਬੰਨ੍ਹ ਕੇ ਸੂਰਜ
ਮਿੱਟੀ ਮੱਥੇ ਲਾ ਕੇ

ਵਗ਼ਦੀ ਪੌਣ
ਪੌਣ ਦੇ ਪਿੰਡੇ
ਖਲਕਤ-ਰੂਪ ਬਣਾ ਕੇ
ਪਰਗਟਦੀ ਲਹੂ-ਮਾਸ ਦੇ ਬੁੱਤੀਂ
ਮਾਨਵਤਾ ਅਖਵਾ ਕੇ

ਫਿਰਦੀਆਂ ਰੁੱਤਾਂ
ਮੌਸਮ ਤਿਰਹਾਈਆਂ
ਜੰਗਲ ਤਲੀ ਉੱਠਾ ਕੇ
ਲਾਹ ਕੇ ਘੁੰਡ ਹਰਿਆਵਲ ਦਾ ਮੂੰਹ ਤੋਂ
ਆਤਸ਼ੀ ਡੋਰੇ ਪਾ ਕੇ

ਬੱਦਲ, ਬਿਜਲੀ ਅੰਗ ਜਿਨ੍ਹਾਂ ਦੇ
ਸ਼ੀਸ਼ੇ ਦੇ ਲੱਕ ਮਟਕਾ ਕੇ
ਲੱਟ ਲੱਟ ਬਲਣ ਘਿਉ ਦੀਆਂ ਜੋਤਾਂ
ਅੱਗ ਪੀ ਕੇ ਕੱਚ ਹੰਢਾ ਕੇ

ਪੱਤਾ, ਪੱਤਾ ਹੋਇਆ ਸੂਰਜ
ਆਪਣਾ ਪਿੰਡਾ ਗਾਹ ਕੇ
ਚਾਨਣ ਵਿਚੋਂ ਚਾਨਣ ਪੁੰਗਰੇ
ਹਿਰਦੇ ਪੌਣ ਵਸਾ ਕੇ

ਤੁਰਦੇ ਰੁੱਖ ਰੁੱਖਾਂ ਦੇ ਪਿੰਡੇ
ਖੁਸ਼ਬੋਆਂ ਉਂਗਲੀ ਲਾ ਕੇ
ਕੱਲ੍ਹ ਦੇ ਪਿੰਡੇ
ਅੱਜ ਬੀਜ ਕੇ
ਅੱਜ 'ਚੋਂ ਕੱਲ੍ਹ ਉੱਗਾ ਕੇ

ਖੋਲ੍ਹੀਆਂ ਅੱਖਾਂ
ਤੱਕਿਆ ਸਮੇਂ ਨੇ
ਆਪਣਾ ਚਾਰ ਚੁਫੇਰਾ
ਲਹੂ-ਮਾਸ ਦੀ ਨਗਰੀ ਪਿੰਡੇ
ਕੀਤਾ ਪੌਣ ਵਸੇਰਾ

ਪੌਣ ਦੇ ਰੁੱਖ
ਪੌਣ ਦੇ ਪੰਛੀ
ਪੌਣ ਦਾ ਜੰਗਲ ਸਾਰਾ
ਪੌਣ ਦੇ ਪਿੰਡੇ ਪੌਣ ਵਸੇਂਦੀ
ਪੌਣੋਂ ਪੌਣ ਪਸਾਰਾ

ਹਵਾ ਨੂੰ ਤਾਣ ਦੁਆਲੇ ਆਪਣੇ
ਵਿਚ ਮਿੱਟੀ ਦਾ ਜਗਣਾ
ਆਪਣੀ ਅੱਖ 'ਚ ਨੰਗਿਆਂ ਹੋ ਕੇ
ਆਪਣਾ ਕੂੜ ਸਿਮਰਨਾ

ਧੋ ਧੋ ਹਵਾ 'ਚ ਸੁਕਣੇ ਪਾਉਣੇ
ਸੋਚ, ਪਿੰਡਾ ਅੰਗ ਸਾਰੇ
ਪੌਣ ਵਸੇਂਦੀ ਮਿੱਟੀ
ਹਿਰਦੇ ਸਗਲਾ ਜਗਤ ਉਤਾਰੇ

ਤਾਰਿਆਂ ਪਿੰਡੇ ਅੰਨ੍ਹ ਉੱਗਾਏ
ਦੇ ਬੁੱਧ-ਜਲ ਦੇ ਛਿੱਟੇ
ਕਲੀ ਹੋਈ ਧਰਤੀ ਦੇ ਪਿੰਡਿਉਂ
ਮੁੱਖ ਅੰਬਰ ਦਾ ਦਿੱਸੇ

ਤੱਕਿਆ ਆਪਣੇ ਸਾਹੀਂ ਵਸਦਾ
ਖਲਕਤ ਦਾ ਸਰੂਪ
ਸਿਰਜਿਆ ਜਿਸਨੇ ਸਮਾਂ ਤਲੀ 'ਤੇ
ਧਾਰ ਮਨੁੱਖ ਦਾ ਰੂਪ

ਪੌਣ ਵਸੇਂਦੀ ਮਿੱਟੀ ਵਸਦਾ ਬੋਧ
ਪਰਖੇ ਸਭ ਜੋਤਾਂ ਵਿਚ ਜਗਦੀ
ਇਕ ਜੋਤਾਂ ਦੀ ਜੋਤ
ਰੰਗਾਂ ਨੂੰ ਰੰਗਾਂ ਤੋਂ ਮੁਕਤੀ
ਲਹੂ ਕਹਾਵਣ ਲੋਕ
ਲਾਹ ਕੇ ਦੇਹ ਤੋਂ ਮਾਸ ਦੀ ਬੁੱਕਲ
ਪੌਣ ਸਦਾਵਣ ਲੋਕ

ਤਰਦੇ, ਤਰਦੇ
ਪੌਣਾਂ ਦਾ ਪਿੰਡਾ
ਸੱਚ ਹੋ ਜਾਵਣ ਲੋਕ
ਆਪਣਾ ਸੱਚ ਜਿਉਂਦੇ
ਤੇਰਾ ਨੂਰ ਕਹਾਵਣ ਲੋਕ

ਜੈ ਮਾਨਵਤਾ!
ਜੈ ਮਾਨਵਤਾ!!
ਲਹੂ 'ਚ ਗੂੰਜਣ ਬੋਲ
ਜਗੇ ਮਨੁੱਖ ਮਨੁੱਖਤਾ ਵਿਹੜੇ
ਜਿਉਂ ਸੂਰਜ ਅੰਬਰ ਕੋਲ

ਧੋਵੇ! ਪਿੰਡ ਬ੍ਰਹਿਮੰਡ ਦੇ ਚੇਹਰੇ
ਮੈਲੇ ਅਤੇ ਉਦਾਸੇ
ਹਰ ਚੁੱਲ੍ਹੇ ਮੂੰਹ
ਅੱਗ ਦੀ ਚੂਲੀ
ਜ਼ਲ ਥਲ ਘੜੇ ਪਿਆਸੇ

ਬੀਜ ਬੀਜ
ਸੱਚ ਚਾਨਣ ਦੇ
ਆਪਣੇ ਆਸੇ ਪਾਸੇ
ਆਪਣੀ ਸਰਘੀ ਆਪ ਹੰਢਾਵਣ
ਤ੍ਰਿਕਾਲਾਂ ਦੇ ਅੰਗ ਪਿਆਸੇ

ਮੁੜਕੋ ਮੁੜਕੀ ਹੋਏ ਰੁੱਖਾਂ ਦੀ
ਕੌਣ ਸੁਣੇ ਫਰਿਆਦ
ਨਾ ਜੰਗਲ ਰੁੱਖਾਂ ਵਿਚ ਵਸੇ
ਨਾ ਜੰਗਲ ਰੁੱਖਾਂ ਪਾਸ

ਬੁਣਿਆ ਜਾਲ ਪਰਾਂ ਦੁਆਲੇ
ਕੱਟਣ ਪੰਛੀ ਆਪ
ਪੀ ਕੇ ਬੱਦਲ
ਚੁਰਾ ਕੇ ਬਿਜਲੀ
ਉੱਡਣ! ਬਣ ਬਣ ਬਾਜ

ਤੋੜਣ ਜੰਗਲ ਦੇ ਵਿਚ ਪਸਰੀ
ਸਦੀਆਂ ਦੀ ਚੁੱਪ ਉਦਾਸ
ਖੰਭਾਂ ਦੀ ਆਵਾਜ਼ ਚੋਂ ਗੂੰਜੇ
ਸਮਾਂ ਸਮੇਂ ਦਾ ਰਾਗ

ਪੌਣ ਵਸੇਂਦੀ ਮਿੱਟੀ ਵੱਸਦਾ ਬੋਧ
ਰੁੱਖਾਂ ਨੂੰ ਸਮਝਾਏ
ਰੁੱਖਾਂ ਪਿੰਡਿਉਂ ਰੁੱਖਾਂ ਦਾ
ਸਾਲਮ ਜੰਗਲ ਉੱਗ ਆਏ

ਪੱਤਾ,ਪੱਤਾ
ਆਪਣੀ ਅੱਗ ਨੂੰ ਸੇਕੇ
ਆਪਣੇ ਜਲੀਂ ਨਹਾਏ
ਆਪਣੀ ਹਵਾ 'ਚ ਤਰਦਾ ਤਰਦਾ
ਆਪਣਾ ਗਗਨ ਹੰਢਾਏ

ਤੱਕੇ ਆਪਣੀ ਛਾਂ ਦਾਂ ਪਿੰਡਾ
ਲੀਰਾਂ ਲੀਰਾਂ ਹੋਇਆ
ਕਿਸ ਕਲਗੀ ਸੋਚ ਦਾ ਸੂਰਜ
ਸਿਰ 'ਤੇ ਆਣ ਖਲੋਇਆ

ਨਾ ਤ੍ਰਿਕਾਲਾਂ ਪਿੰਡੇ ਵਸਤਰ
ਨਾ ਧੁੱਪਾਂ ਪੈਰੀਂ ਜੁੱਤੀ
ਨਾ ਇਹ ਧਰਤੀ ਆਪਣਾ ਹੀ ਅੰਨ
ਦੰਦੀ ਲਾ ਕੇ ਸੁੱਤੀ

ਨਾ ਰੁੱਖਾਂ ਨੇ ਆਪਣੇ ਸਿਰ 'ਤੇ
ਭਾਰ ਹਵਾ ਦਾ ਚੁੱਕਿਆ
ਨਾ ਹਵਾ ਦਾ ਆਪਣਾ ਪੈਂਡਾ
ਆਪਣੇ ਪੈਰੀਂ ਮੁੱਕਿਆ

ਪੌਣ ਵਸੇਂਦੀ ਮਿੱਟੀ ਵੱਸਦਾ ਬੋਧ
ਬੀਜੇ ਹਰ ਇਕ ਰੁੱਖ ਦੇ ਮੱਥੇ
ਜੰਗਲ ਦੀ ਹਰਿਆਵਲ

ਦੱਸੇ ਜੰਗਲ ਦੇ ਰੁੱਖਾਂ ਨੂੰ
ਜੰਗਲ ਦੇ ਵਿਚ ਉੱਗਣਾ
ਆਪਣੀ ਛਾਂ 'ਤੇ ਪੈਰ ਟਿਕਾ ਕੇ
ਆਪਣੀ ਧੁੱਪ 'ਚ ਪੁੱਗਣਾ

ਪੱਤਾ ਪੱਤਾ ਅੱਖਰ ਅੱਖਰ
ਰੁੱਖ ਅਰਥਾਂ ਦੀ ਗਾਥਾ
ਆਪਣੀ ਹਸਤੀ 'ਚੋਂ ਹਰ ਰੁੱਖ ਨੇ
ਜੰਗਲ ਰੂਪ ਪਛਾਤਾ

ਹਰ ਇਕ ਤੀਲਾ ਆਪਣੀ ਛੱਤੇ
ਇੰਝ ਪੰਖੇਰੂ ਰੱਖਣ
ਜਿਉਂ ਮਸਤਕ ਵਿਚ ਤੇਜ਼ ਹਵਾਵਾਂ
ਜੰਗਲ ਨਾਲੋਂ ਵਗਣ

ਪੰਖ ਪੰਖੇਰੂ ਟਹਿਣੀਆਂ ਪੱਤੇ
ਇਕੋ ਰਾਗ ਅਲਾਪਣ
ਕਿਰਨਾਂ ਪਿੰਡੇ ਸੂਰਜ ਵਸੇ

ਸੂਰਜ ਕਿਰਨਾਂ ਜਾਪਣ
ਚਾਨਣ ਵਿਚੋਂ ਚਾਨਣ ਦਾ
ਇਕ ਨੂਰ ਜਨਮਦਾ ਆਵੇ
ਜੰਗਲ ਦਾ ਹਰਿਆਉਲਾ ਸੂਰਜ
ਨੀਲਾ ਗਗਨ ਹੰਢਾਵੇ

ਧੋ ਧੋ ਜਲ ਨੇ ਆਪਣਾ ਆਪਾ
ਨੂਰੋ ਨੂਰ ਬਣਾਇਆ
ਭਰ ਕੇ ਬੁੱਕ ਚਾਨਣ ਦੀ ਦੇਹ ਚੋਂ
ਜਲ ! ਦਰ ਜਲ ਦੇ ਆਇਆ

ਸ਼ਬਦਾਂ ਮੱਥੇ ਲੋਅ ਅਰਥਾਂ ਦੀ
ਪੱਤਰੀਂ ਰੁੱਖ ਸਮਾਇਆ
ਨਵ-ਪੰਖੇਰੂ ਸ਼ਾਖਾਂ ਵਿਹੜੇ
ਤੁਰ ਸਗਲਾ ਜੰਗਲ ਆਇਆ

ਕਰੂੰਬਲਾਂ ਆਪਣੀ ਹੋਂਦ ਪਛਾਣੀ
ਬੂੰਦਾਂ ਚੱਖਿਆ ਸਾਗਰ
ਤੁਰਿਆ ਰੁੱਖਾਂ ਪਿੰਡੇ ਜੰਗਲ
ਧਰ ਸਿਰ ਹਰਿਆਵਲੀ ਗਾਗਰ

ਪੌਣ ਨੇ ਆਪਣਾ ਰੂਪ ਬਦਲਿਆ
ਰੰਗ ਬਦਲਿਆ ਅੰਬਰ
ਰੱਚਿਆ ਮਿੱਟੀ ਆਪਣੇ ਹੱਥੀਂ
ਧਰਤੀ ਦਾ ਸ੍ਵਯੰਬਰ

ਢੁੱਕੇ ਬੱਦਲ ਥਲ ਦੇ ਬੂਹੀਂ
ਸਾਗਰ ਕੰਠ ਟਿਕਾ ਕੇ
ਨੱਚੀਆਂ ਰੁੱਤਾਂ
ਸਮੇਂ ਦੀ ਤਲੀਏ
ਮੌਸਮ ਨੈਣੀਂ ਪਾ ਕੇ

ਵਗੀ ਪੌਣ ਰੁੱਖਾਂ ਦੀ ਨਗਰੀ
ਖੁਸ਼ਬੋਆਂ ਵਿਚ ਨਹਾ ਕੇ
ਤੁਰਿਆ ਚਾਨਣ, ਚਾਨਣ ਮੱਥੇ
ਲਹੂ ਦੀ ਜੋਤ ਜਗਾ ਕੇ

ਉੱਡੇ ਸਭ ਦਿਸ਼ਾਓਂ ਪੰਛੀ
ਢਾਹ ਕੇ ਹੱਦਾਂ ਬੰਨੇ
ਖਿੜਿਆ ਚੰਬਾ ਧਰਤੀ ਵਿਹੜੇ
ਲੈ ਰੰਗ ਵੰਨ-ਸੁਵੰਨੇ

ਇਕੋ ਅਰਥ ਦੇ ਵੱਖ ਵੱਖ ਬੋਲਾਂ
ਜਦ ਮਾਨਵਤਾ ਨੂੰ ਗਾਇਆ
ਧਰਤੀ ਵਿਹੜੇ ਰੱਬ ਲੋਕਾਂ ਦਾ
ਅੰਬਰੋਂ ਉਤਰ ਆਇਆ

ਨੂਰ 'ਚ ਲਿਪਟਿਆ
ਨੂਰ ਮਨੁੱਖ ਦਾ
ਧਰਤੀ ਗਗਨ ਸਮਾਇਆ
ਮਾਨਵਤਾ ਦੇ ਅੰਬਰੀਂ ਸੂਰਜ
ਮਿੱਟੀ ਦਾ ਚੜ੍ਹ ਆਇਆ

ਗਲ, ਗਲ ਤੀਕਣ
ਖੁਸ਼ਬੋਈਆਂ ਗਈਆਂ
ਦਿੱਸਹੱਦਿਆਂ ਸੰਗ ਦਿਸ਼ਾਵਾਂ
ਆਪਣਾ ਆਪਾ ਪਹਿਣ ਕੇ ਤੁਰੀਆਂ
ਪੈਰਾਂ ਤੋਂ ਸਿਰ ਤਕ ਰਾਹਵਾਂ

ਸਿਰਜਿਆ
ਬਹਿ ਹਰ ਮਾਨਵ ਅੰਦਰ
ਮਿੱਟੀ ਦਾ ਸੰਸਾਰ
ਮਿੱਟੀ ਦੇ ਹੀ ਲੋਕ ਸਦੀਵਣ
ਮਿੱਟੀ ਦੀ ਸਰਕਾਰ

ਫੁੱਟਿਆ!
ਧਰਤੀ ਪਿੜਿਉਂ ਚਾਨਣ
ਵੱਧਿਆ ਅੰਬਰ ਵੱਲ
ਬਦਲੇ ਨੈਣ ਨਕਸ਼ ਦੁਨੀਆਂ ਦੇ
ਅੱਜ! ਜਿਉਂਦਾ ਅੱਜ

ਲੋਕਾਂ!
ਲੋਕ ਲੋਕਾਈ ਸਿਰਜੀ
ਜੰਗਲ! ਸਿਰਜਿਆ ਰੁੱਖ
ਸਮੇਂ ਦੇ ਮੱਥੇ ਫੁੱਲ ਬਣ ਉੱਗਾ
ਮਿੱਟੀ ਰਚਿਤ ਮਨੁੱਖ

ਮਿੱਟੀ ਨੇ ਧਰਤੀ ਦਾ ਪੈਂਡਾ
ਅੰਬਰ ਤੀਕ ਮੁਕਾਇਆ
ਹਰ ਇਕ ਪੱਤਰ ਆਪਣੀ ਜੜ੍ਹ ਦਾ
ਮਰਨ ਤੀਕ ਹਮਸਾਇਆ

ਜੰਗਲ ਖਾਤਿਰ ਹਰ ਇਕ ਰੁੱਖ
ਰਿਹਾ ਆਪਾ ਸੁੱਕਣੇ ਪਾਉਂਦਾ
ਸੜਿਆ ਪੱਤਰ ਪੱਤਰ ਤੀਕਣ
ਰਿਹਾ ਛਾਵਾਂ ਗੋਦ ਖਿਡਾਉਂਦਾ

ਰੁੱਖ ਦੀ ਛਾਂ ਹੀ ਚਾਨਣ ਰੁੱਖ ਦਾ
ਜੋ ਸਮਿਆਂ ਚੋਰੀ ਕੀਤਾ
ਆਪਣੀ ਅੱਗ ਬੁਝਾਵਣ ਖਾਤਿਰ
ਰੁੱਖ ਨੇ ਸੂਰਜ ਪੀਤਾ

ਸਿਰਜਿਆ ਰੁੱਖ ਨੇ ਆਪਣੇ ਮੱਥੇ
ਆਪਣਾ ਆਪ ਮੁਕਾਮ
ਰੁੱਖਾਂ ਤੋਂ ਰੁੱਖਾਂ ਦਾ ਪੈਂਡਾ
ਜੰਗਲ ਜਿਸਦਾ ਨਾਮ

ਧਰਤੀ ਪਿੰਡੇ ਜੜ੍ਹ ਜੰਗਲ ਦੀ
ਅੰਬਰ ਸੀਸ ਅਸਥਾਨ
ਪੌਣ ਵਸੇਬਾ ਦੇਹ ਜੰਗਲ ਦੀ
ਅਗਨੀ, ਜਲ-ਇਸ਼ਨਾਨ

ਵਰ੍ਹਿਆ!
ਉੱਚਿਆਂ ਬੁਰਜਾਂ ਉੱਤੇ
ਬੱਦਲ! ਅੱਗ ਦਾ ਹਾਣੀ
ਰੁੱਖਾਂ ਦੇ ਕਹਿਰ ਨੇ, ਢਾਲ਼ ਕੇ ਕੀਤਾ
ਸ਼ੀਸ਼ਾ ਪਾਣੀ ਪਾਣੀ

ਤਿੜਕਿਆ
ਇਕ ਇਕ ਨਕਸ਼ ਤਖ਼ਤ ਦਾ
ਕੰਧਾਂ, ਛੱਤ ਢੇਰੀ ਹੋਏ
ਤਖ਼ਤ ਦੇ ਸਿਰ 'ਚ ਪੱਥਰਾਂ ਦੇ
ਕਈ ਜੰਗਲ ਉੱਗ ਖਲੋਏ

ਰੁਲੀਆਂ ਕੱਖਾਂ ਵਾਂਗ ਜ਼ਿਮੀਂ 'ਤੇ
ਅਰਸ਼ਾਂ ਦੀਆਂ ਸੁਗਾਤਾਂ
ਚੜ੍ਹਿਆ ਸੂਰਜ ਜੰਗਲ ਪੈਰੀਂ
ਸੋਨ-ਨਗਰ ਵਿਚ ਰਾਤਾਂ

ਨਵ-ਸੂਰਜ ਸੰਗ
ਨਵ-ਕਰੂੰਬਲਾਂ
ਆਪਣੇ ਰੂਪ ਵਟਾਏ
ਜੰਗਲ ਚੋਂ ਉੱਗੇ ਜੰਗਲ ਦਾ
ਤੇਜ਼ ਸਿਹਾ ਨਾ ਜਾਏ

ਜਲ ਵਾਂਗੂੰ ਝਿਲਮਿਲ ਕਰਦੇ
ਅਗਨ-ਤੇਜ਼ ਦੇ ਚੇਹਰੇ
ਨੈਣਾਂ ਦੇ ਵਿਚ ਸੂਰਜ ਹੱਸਣ
ਜਗਦੀ ਪੌਣ ਮੱਥੇਰੇ

ਖੁਸ਼ਬੋਆਂ ਜਿਹੇ ਬੋਲ ਜਿਨ੍ਹਾਂ ਦੇ
ਅਰਥੀਂ ਗਗਨ ਵਸੇਰੇ
ਸੱਚ ਜਿਉਂਦੇ ਸੱਚ ਹੰਢਾਉਂਦੇ
ਚਾਨਣ ਚਾਰ ਚੁਫੇਰੇ

ਧਰਤੀ ਦਾ ਇਕ ਬੁੱਤ ਬਣਾ ਕੇ
ਅੰਬਰ ਹੇਠਾਂ ਧਰਦੇ
ਨਵ-ਯੁੱਗ ਦੇ ਨਵ-ਸਿਰਜਣਹਾਰੇ
ਜੈ ਮਾਨਵਤਾ
ਜੈ ਮਾਨਵਤਾ ਕਰਦੇ

ਬੁੱਝ ਕੇ ਇਕ ਦੂਜੇ ਦੇ ਸੱਚ ਨੂੰ
ਆਪਣਾ ਆਪ ਪਹਿਚਾਣਨ
ਬਿੰਦੂ! ਬਿੰਦੂ!!
ਮਾਨਵ! ਮਾਨਵ!!
ਸਗਲੀ ਜੋਤ ਸਿਆਣਨ

ਸਮਝਣ ਮਾਨਵ ਤੇ ਮਾਨਵਤਾ
ਵਿਚ ਲਹੂ ਦੀ ਜੋਤ
ਨਵ-ਦੁਨੀਆਂ ਦੇ ਸਿਰਜਣਹਾਰੇ
ਨਾ ਪੁੰਨੂ ਨਾ ਹੋਤ

ਬੀਜਣ ਪੈਰ ਪੈਰ 'ਤੇ ਸਮੇਂ 'ਚ
ਮਾਨਵਤਾ ਦੀ ਸਾਂਝ
ਰੱਖਣ ਆਪਣੀ ਪ੍ਰਣਾਲੀ ਨੂੰ
ਪਲ, ਪਲ ਪਿਛੋਂ ਮਾਂਜ

ਬੱਝਿਆ ਲਹੂ ਤੇ ਮਾਨਵ ਦੇ ਸੰਗ
ਸਾਰਾ ਤਾਣਾ ਬਾਣਾ
ਹਰ ਪ੍ਰਣਾਲੀ ਕਾਗਜ਼ ਤੋਂ ਉੱਠ
ਲਹੂ 'ਚ ਵਿਚਰ ਜਾਣਾ

ਕਿਸੇ ਨਾ!
ਆਪਣਾ ਲਹੂ ਵੇਚ ਕੇ
ਉਮਰਾਂ ਜਲ ਰਿੜਕਣਾ
ਅੰਨ ਦੇ ਭਾਅ ਨਾ ਮਾਸ ਮਨੁੱਖ ਦਾ
ਕਿਸੇ ਵੀ ਮੰਡੀ ਵਿਕਣਾ

ਖੜੋਤ ਹੰਢਾਉਂਦੇ ਪਾਣੀ ਪਿੰਡੇ
ਕਿਸੇ ਨਾ ਮੱਛੀ ਤਰਨਾ
ਸਮੇਂ ਤੋਂ ਪਛੜੇ ਰਾਹਾਂ ਉੱਤੇ
ਕਿਸੇ ਕਦਮ ਨਾ ਧਰਨਾ

ਇਸ ਵਿਵਸਥਾ ਦੇ ਲਈ ਪੈਣਾ
ਸਭ ਕੁੱਝ ਨਵਾਂ ਸਿਰਜਣਾ
ਥਲ ਉੱਗਾਵਣ ਪਿੰਡਿਉਂ ਸਾਗਰ
ਤਾਂ ਬੱਦਲ ਥਲ ਵਰਨਾ

-0-

## ਅਗਨ ਵਸੇਂਦੀ ਮਿੱਟੀ ਵਸਦਾ ਬੋਧ

ਬੂੰਦ ਜਿਉਂਦੀ
ਦਾਇਰੇ ਤੁਰਦੀ
ਦਾਇਰੇ ਤਕ ਅੱਪੜ ਜਾਵੇ
ਮੱਥੇ ਤੇਜ਼ ਜਗਾ ਕੇ ਮਿੱਟੀ
ਖਲਕਤ-ਨੂਰ ਕਹਾਵੇ
ਦਾਇਰਿਆਂ, ਲੀਕਾਂ, ਬਿੰਦੂਆਂ ਦਾ
ਜਿਥੇ ਭਰਮ ਸਦਾ ਮੁੱਕ ਜਾਵੇ
ਕਣਕ ਦੀ ਟਿੱਕੀ ਵਰਗਾ ਸੂਰਜ
ਧਰਤੀ ਨੂੰ ਰੌਸ਼ਨਾਵੇ

## ਅਗਨ ਵਸੇਂਦੀ ਮਿੱਟੀ ਵਸਦਾ ਬੋਧ

ਅਗਨ ਵਸੇਂਦੀ ਮਿੱਟੀ ਵਸਦਾ ਬੋਧ
ਰੰਗ ਜਿਹਦਾ ਹੈ ਲਹੂ ਵਰਗਾ
ਚਾਨਣ ਵਰਗੇ ਬੋਲ
ਲੋਕਾਂ ਵਰਗਾ ਚੇਹਰਾ ਮੋਹਰਾ
ਹੈ ਉਸ ਮਿੱਟੀ ਕੋਲ

ਕੁੱਲ ਬ੍ਰਹਿਮੰਡ ਦਾ ਤੇਜ਼ ਪਛਾਣੇ
ਉਸ ਮਿੱਟੀ ਦੀ ਅੱਖ
ਲੋਕਾਂ ਵਿਹੜੇ ਲੋਕਾਂ ਦਾ
ਦਏ ਸੂਰਜ ਚਾੜ੍ਹ ਕੇ ਰੱਖ

ਰੰਗੇ ਸਭ ਦਿਸ਼ਾਵਾਂ ਮਿੱਟੀ
ਆਪਣੇ ਤੇਜ਼ ਦੇ ਸੰਗ
ਚਾੜ੍ਹੇ ਹਰ ਮੌਸਮ ਤੇ ਰੁੱਤ ਨੂੰ
ਮਾਨਵਤਾ ਦਾ ਰੰਗ

ਸਮਝੇ ਜ਼ੁਬਾਂ ਪੱਤੇ ਪੱਤੇ ਦੀ
ਤੇ ਖੁਸ਼ਬੋਆਂ ਦੀ ਭਾਸ਼ਾ
ਤੂਫ਼ਾਨਾਂ ਦੀ ਜੀਭਾਂ ਉੱਤੇ
ਇਸ ਦੀ ਚੁੱਪ ਦਾ ਵਾਸਾ

ਅੱਗ ਚੋਂ ਅੱਗ ਦਾ ਤੇਜ਼ ਨਿਖੇੜੇ
ਜਲ 'ਚੋਂ ਜਲ ਪੁਣੇ

ਮਿੱਟੀ ਦੇ ਮੇਚੇ ਦਾ ਸੂਰਜ
ਕਿਰਨਾਂ ਸੰਗ ਬੁਣੇ

ਸਿਰਜੇ ਆਪਣੇ ਚਾਨਣ ਵਿਚੋਂ
ਨਵ-ਨਿਕੋਰ ਦਿਸ਼ਾਵਾਂ
ਸਮੇਂ ਦੀ ਲਾਂਅ 'ਤੇ ਧੋ ਧੋ ਪਾਵੇ
ਮੈਲੀਆਂ ਧੁੱਪਾਂ ਛਾਵਾਂ

ਫੜਦੀ ਹਵਾ ਚੋਂ ਝੁਲਸੇ ਹੌਕੇ
ਬਲਦੇ ਸਿਵਿਆਂ ਦੇ ਬੋਲ
ਪੂੰਝੇ ਅਮਨ ਦੇ ਅੱਥਰੂ ਮਿੱਟੀ
ਬਹਿ ਕਬਰਾਂ ਦੇ ਕੋਲ

ਅਗਨ ਤੇਜ ਦਾ ਸਾਵਾਂ ਸਾਵਾਂ
ਇਸ ਵਿਚ ਜਗੇ ਅਹਿਸਾਸ
ਬੀਜੇ ਅਮਨ ਪਨੀਰੀ ਥਾਂ ਥਾਂ
ਚਿੱਟੇ ਦੁੱਧ ਗੁਲਾਬ

ਆਪਣੇ ਨੈਣੀਂ ਧੋ ਧੋ ਪਾਉਂਦੀ
ਜੰਗਲ ਦੀ ਹਰਿਆਵਲ
ਚੀਥੜੇ ਚੀਥੜੇ ਦੇਹੀ ਜਿਸਦੀ
ਲਹੂ 'ਚ ਭਿੱਜੇ ਬੋਲ

ਜੋੜੇ ਅੰਗ ਅੰਗ ਕਿਰਿਆ ਮਾਨਵ
ਅੱਖੀਆਂ 'ਚੋਂ ਹੰਝੂਆਂ ਵਾਂਗੂੰ
ਸਿਰਜੇ ਅੱਥਰੂਆਂ 'ਚੋਂ ਅੱਖਾਂ
ਅਰਥਾਂ 'ਚੋਂ ਸ਼ਬਦਾਂ ਵਾਂਗੂੰ

ਮੋਇਆਂ ਅਰਥਾਂ 'ਚੋਂ ਪ੍ਰਗਟ
ਤੁਰਦੇ ਸ਼ਬਦਾਂ ਦੇ ਚੇਹਰੇ

ਲਹੂ ਦੇ ਗੀਤ ਜੋ ਬਣ ਬਣ ਉੱਗੇ
ਨਜ਼ਰਾਂ ਦੇ ਚਾਰ ਚੁਫੇਰੇ

ਰਾਹ ਅਮਨ ਦੇ ਤੁਰਦੀ ਮਿੱਟੀ
ਅੱਗ ਚਾਨਣ ਵਿਚ ਧੋ ਕੇ
ਕੱਚ ਦੇ ਜੰਗਲ ਵਿਚੋਂ ਲੰਘੀ
ਸੂਲੀਂ ਸਿਰ ਪਰੋ ਕੇ

ਲੋਹੇ ਦੇ ਰੁੱਖਾਂ ਨੂੰ ਦੱਸਦੀ
ਹਰਿਆਵਲ ਦੀ ਰੱਤ ਹੋ ਕੇ
ਉਤਾਰੇ ਚਰਬੀ ਸ਼ੀਸ਼ੇ ਦੀ ਅੱਖ 'ਚੋਂ
ਸ਼ੀਸ਼ੇ ਸੰਗ ਸ਼ੀਸ਼ਾ ਹੋ ਕੇ

ਅਗਨ ਵਸੇਂਦੀ ਮਿੱਟੀ ਵਸਦਾ ਬੋਧ
ਪੱਤਰ ਪੱਤਰ ਕੁੱਖ ਹੰਢਾਵੇ
ਵਣ ਖਿਡਾਵੇ ਗੋਦ
ਤੁਰਦੀ ਉਂਗਲੀ ਲਾ ਪੌਣਾਂ ਨੂੰ
ਬੀਜੇ ਸਮੇਂ 'ਚ ਬੋਧ
ਖਿੜਦੀ ਜ਼ਿੰਦਗੀ ਵਾਂਗ ਕਪਾਹ ਦੇ
ਅਰਥ ਬਦਲਦੀ ਮੌਤ

ਦਿਸ਼ਾਵਾਂ 'ਚੋਂ ਦਿਸ਼ਾਵਾਂ ਜੰਮਣ
ਸਾਗਰ ਵਿਚੋਂ ਸਾਗਰ
ਅੰਦਰ ਵਰ੍ਹਦਾ ਚਾਨਣ ਵੰਡੇ
ਭਰ ਗਾਗਰ ਦਰ ਗਾਗਰ

ਹਰ ਸੂਰਜ ਦੇ ਪਿੰਡੇ ਕਰਦੀ
ਧੁੱਪਾਂ ਦੀ ਧੁੱਪ ਉਜਾਗਰ
ਪਾ ਕੇ ਅੱਖ 'ਚ ਅੰਬਰ ਮਿੱਟੀ
ਧਰਤੀ ਵਰਗੀ ਸਾਬਰ

ਤੁਰਦੀ ਸੱਪਾਂ ਦੇ ਸਿਰ ਉੱਤੇ
ਅੰਮ੍ਰਿਤ ਕੰਠ ਟਿਕਾ ਕੇ
ਵਿਸ਼ ਦੇ ਜੰਗਲ ਵਿਚੋਂ ਲੰਘੀ
ਆਪਣੇ ਬੋਲ ਜਗਾ ਕੇ

ਇਕ ਤਲੀਏ
ਉਹਨੇ ਚੰਨ ਟਿਕਾਇਆ
ਇਕ ਸੂਰਜ ਧੁੱਪੀਂ ਨਹਾ ਕੇ
ਖੋਲ੍ਹ ਵਿਛਾਇਆ ਅੰਬਰ ਪੈਰੀਂ
ਸਿਰ 'ਤੇ ਧਰਤ ਉਠਾ ਕੇ

ਵਾਕ ਲਿਆ
'ਜੈ ਮਾਨਵਤਾ'
ਮੁੜ੍ਹਕਾ ਅਰਘ ਚੜ੍ਹਾ ਕੇ
ਸ਼ੀਸ਼ੇ ਦੀ ਦੁਨੀਆਂ ਵੱਲ ਉੱਡੇ
ਪੰਛੀ ਲੋਹਾ ਖਾ ਕੇ

ਖੰਭਾਂ ਦੀ ਆਵਾਜ਼ ਖਲਾਅ 'ਚ
ਘੋਲੇ ਆਪਣੇ ਬੋਲ
ਸ਼ੀਸ਼-ਨਗਰ 'ਚੋਂ ਮੈਨਾ ਬੋਲੇ
ਜੰਗਲੀਂ ਨੱਚ ਨੱਚ ਮੋਰ

ਧਰਤੀ ਦੇ ਸਿਰ ਲੀਰਾਂ ਅੰਬਰ
ਬੂਹੇ ਘਰਾਂ ਦੇ ਚੋਰ
ਟਿਕੀ ਦੁਪਹਿਰੇ ਚੰਨ ਭਾਲਦਾ
ਬਿਜਲੀ ਦਾ ਚਕੋਰ

ਪਸਰ ਗਈ ਮਨੁੱਖ ਦੇ ਮੂੰਹ 'ਤੇ
ਕਬਰਾਂ ਦੀ ਸੰਘਣੀ ਚੁੱਪ
ਪੱਤਾ ਪੱਤਾ ਰੁੱਖ ਨੂੰ ਰੋਵੇ
ਪੱਤੇ ਪੱਤੇ ਨੂੰ ਰੁੱਖ

ਅੱਗ ਉੱਗਲਦੀ ਹਰਿਆਵਲ ਦੀ ਥਾਂ
ਧਰਤੀ ਮਾਂ ਦੀ ਕੁੱਖ
ਮਾਨਵ ਦੇ ਨਾਲ ਨੈਣ ਮਿਲਾ ਕੇ
ਸਾਗਰ ਗਏ ਨੇ ਸੁੱਕ

ਕਾਗ਼ਜ਼ ਹੋਏ ਪਹਾੜ ਚਿਤਵਦੇ
ਅੱਗ-ਪਿੰਡੇ ਛਾਂ ਦਾ ਮੁੱਖ
ਬੀਜੇ ਚਾਰ ਚੁਫੇਰੇ ਮਾਨਵ
ਅੱਗ ਥੁੱਕਦੇ ਕੱਚ ਦੇ ਰੁੱਖ

ਅਨਜਾਣੀ!
ਆਪਣੇ ਤੇਜ਼ 'ਤੇ ਡੁੱਬੀ
ਜਲ ਵਿਚ ਜਲ ਦੀ ਧਾਰਾ
ਆਪਣੀ ਪਰਖ ਦੇ ਬਾਝੋਂ ਜੰਗਲੀ
ਫਿਰਦੀ ਪੌਣ ਅਵਾਰਾ

ਪੱਥਰ ਹੋਇਆ ਸਮਾਂ ਢੂੰਡਦਾ
ਆਪਣਾ ਸਿਰਜਣਹਾਰਾ
ਬਿੰਦੂ ਦੀ ਦੇਹੀ 'ਚ ਵਸਦਾ
ਉਸਦਾ ਅਪਣਾ ਦਾਇਰਾ

ਅਗਨ ਵਸੇਂਦੀ ਮਿੱਟੀ ਵਸਦਾ ਬੋਧ
ਬਾਲੇ ਆਪਣੇ ਮੱਥੇ ਦੇ ਵਿਚ
ਅਗਨ-ਤੇਜ਼ ਦੀ ਜੋਤ
ਜੀਵਨ-ਮੂਲ ਪਛਾਣੇ
ਜਾਣੇ ਮਾਨਵਤਾ ਦਾ ਰਾਹ
ਲੋਕਾਂ ਦੇ ਪਿੰਡੇ 'ਚੋਂ ਦਿੱਸੇ
ਉਸ ਨੂੰ ਆਪ ਖ਼ੁਦਾ

ਘੜਦੀ!
ਮੰਜ਼ਲਾਂ, ਰਾਹਾਂ ਦੇ ਬੁੱਤ

ਬਹਿ ਲੋਕਾਂ ਵਿਚਕਾਰ
ਦਿੰਦੀ ਆਪਣਾ ਬਿੰਦੂ ਮਿੱਟੀ
ਦਾਇਰਿਆਂ ਵਿਚ ਉਤਾਰ

ਮਿਟਦੀ ਦਾਇਰੇ ਦਾਇਰੇ
ਟੁਰਦੀ ਬਿੰਦੂ ਬਿੰਦੂ
ਅਥਰੀ ਪੌਣ ਦੇ ਵਿਚੋਂ ਲੰਘੇ
ਤਲੀ ਟਿਕਾ ਕੇ ਜਿੰਦੂ

ਆਪਣੇ ਪਿੱਛੇ ਪਿੱਛੇ
ਖੁਸ਼ਬੋਆਂ ਛੱਡਦੀ ਜਾਵੇ
ਚੰਨ, ਚਾਂਦਨੀ, ਸੂਰਜ, ਤਾਰੇ
ਲੋਅ ਦੀ ਲੋਅ ਨਹਾਵੇ

ਬਿੰਦੂ ਜਿਉਂਦੀ
ਦਾਇਰੇ ਤੁਰਦੀ
ਦਾਇਰੇ ਤਕ ਅੱਪੜ ਜਾਵੇ
ਮੱਥੇ ਤੇਜ਼ ਜਗਾ ਕੇ ਮਿੱਟੀ
ਖਲਕਤ ਰੂਪ ਕਹਾਵੇ

ਦਾਇਰਿਆਂ, ਲੀਕਾਂ, ਬਿੰਦੂਆਂ ਦਾ
ਜਿੱਥੇ ਭਰਮ ਸਦਾ ਮੁਕ ਜਾਵੇ
ਕਣਕ ਦੀ ਟਿੱਕੀ ਵਰਗਾ ਸੂਰਜ
ਧਰਤੀ ਨੂੰ ਰੌਸ਼ਨਾਵੇ

ਜੈ ਮਾਨਵਤਾ! ਜੈ ਮਾਨਵਤਾ!!
ਅੰਬਰੀਂ ਗੂੰਜਣ ਬੋਲ
ਲੋਕਾਂ ਦੇ ਵਿਚ ਰੱਬ ਵਸੇਂਦਾ
ਰੱਬ ਵਸੇਂਦੇ ਲੋਕ

ਪੜ੍ਹੇ ਮਨੁੱਖ ਦਾ ਅੰਦਰ ਧੁਰ ਤਕ
ਲਹੂ ਦਾ ਰੰਗ ਪਛਾਣੇ
ਪਲ ਪਲ ਪਿੱਛੋਂ ਮਰਦੇ ਭਵਿੱਖ ਨੂੰ
ਜਿਉਂਦਾ ਰੱਖਣਾ ਜਾਣੇ

ਤਣਾਅ 'ਚ ਤਣੀਆਂ ਅੰਤੜੀਆਂ ਦੀ
ਗਰਭਤ ਪੀੜ ਪਛਾਣੇ
ਜ਼ਰਦੀ ਵਿਚ ਘੁਲਿਆਂ ਬੋਟਾਂ ਦੇ
ਬੈਠੀ ਮੌਤ ਸਿਰਹਾਣੇ

ਤੱਕੇ ਸਾਗਰ ਦੀ ਅੱਖ ਅੰਦਰ
ਅਗਨੀ ਤੰਬੂ ਤਾਣੇ
ਫਿਰਨ ਖਲਾਅ 'ਚ ਲੋਹੇ ਦੇ ਪੰਛੀ
ਲਹੂ ਪੀਣੇ ! ਆਦਮ ਖਾਣੇ

ਧਰਤੀ ਦੇ ਗੁੱਪਤ ਅੰਗਾਂ 'ਤੇ
ਨੀਲ ਬਰੂਦ ਜੋ ਪਾਏ
ਕੱਚ ਦੇ ਨੈਣੀਂ ਲੋਹੇ ਦੇ
ਛਾਲੇ ਬਣ ਉੱਗ ਆਏ

ਮੌਸਮ ਕੁੱਛੜ ਖੇਡਦੀਆਂ
ਰੁੱਤਾਂ ਦੇ ਸਿਵੇ ਬਲੇ
ਹਵਾ ਨੂੰ ਨੰਗਿਆਂ ਕਰਕੇ
ਦੁੱਧੜੀਂ ਕਿਸ ਅੰਗਿਆਰ ਧਰੇ

ਸਮੇਂ ਦੇ ਮੂੰਹ 'ਤੇ ਲਹੂ ਦੇ ਛਿੱਟੇ
ਕਿਸ ਸਭਿਅਤਾ ਦੀ ਭਾਸ਼ਾ
ਸ਼ੀਸ਼ੇ ਦੇ ਪੰਨਿਆਂ ਤੇ ਉੱਕਰੀ
ਕਿਸ ਦਾਨਵ ਦੀ ਗਾਥਾ

ਅਗਨ ਵਸੇਂਦੀ ਮਿੱਟੀ ਵਸਦਾ ਬੋਧ
ਆਪਣਾ ਤੇਜ਼ ਜਗਾ ਕੇ ਮੱਥੇ
ਜਲ ਖਿਡਾਵੇ ਗੋਦ
ਧੋ ਧੋ ਆਪਣੀ ਅੱਗ ਚਾਨਣ ਵਿੱਚ
ਕਰਦੀ ਸੀਤ ਕਰੋਧ

ਬਰਸੇ ਬਣ ਬਣ ਬੱਦਲ ਥਲ 'ਤੇ
ਮਨ, ਤਨ ਬੀਜੇ ਬੋਧ
ਬਦਲੇ ਆਪਣੀ ਨਜ਼ਰ ਦੇ ਸ਼ੀਸ਼ੇ
ਹੋ ਆਪੇ-ਬੋਲ-ਸ੍ਰੂਤ

ਬਦਲੇ ਜਗ ਪ੍ਰਣਾਲੀ ਦੀਆਂ
ਵਿਧੀਆਂ ਤੇ ਰਫ਼ਤਾਰ
ਬੀਜੇ ਮਾਨਵ-ਸੋਚ ਦੇ ਪਿੰਡੇ
ਪਰਜਾ ਦਾ ਸੰਸਾਰ

ਪਰਜਾ ਪਰਜਾ ਦੇ ਵਿਚ ਵੱਸੇ
ਹੋ ਸੇਵਕ ਪਹਿਰੇਦਾਰ
ਰੂਪ ਜਿਹਦਾ ਹੈ ਮਾਨਵਤਾ
ਨਾਮ ਜਿਹਦਾ ਸੰਸਾਰ

ਆਪਣੀ ਮੈਂ ਲਿਤਾੜ ਕੇ ਪੈਰੀਂ
ਤੂੰ ਗਲ ਬਾਹਵਾਂ ਪਾਵੇ
ਅੱਗ 'ਚੋਂ ਤੇਜ਼ ਨਿਚੋੜ ਕੇ ਮਿੱਟੀ
ਜਲ ਸਿਰਜਣਹਾਰ ਕਹਾਵੇ

ਭੁਜਦੇ ਮਾਨਵ, ਸੜਦੇ ਲਹੂ ਦਾ
ਧੂੰਆਂ ਬਰੂਦ ਤੋਂ ਗਾੜ੍ਹਾ
ਕਿੰਜ ਸਮੇਟੇ ਸਮਾਂ ਵਿਚਾਰਾ
ਸੋਨਾ ਚੱਬਦੇ

ਕੱਚ ਦੇ ਲੋਕਾਂ ਦਾ
ਧਰਤੀ ਕੁੱਖ ਉਜਾੜਾ

ਪਿਘਲੇ ਪਿਘਲੇ ਅੰਗ ਅੰਬਰ ਦੇ
ਪਾਣੀ ਪਾਣੀ ਤਾਰਾ
ਖਲਾਅ 'ਚ ਉੱਗਾ ਅੱਗ ਪਹਿਨ ਕੇ
ਕੱਚ ਦਾ ਇਕ ਇਸ਼ਾਰਾ

ਢਲ ਕਈ ਚਰਬੀ ਧਰਤੀ ਤੀਕਣ
ਫੱਟੜ ਸਮਾਂ ਵਿਚਾਰਾ
ਹੋਈ ਕੁਠਾਲੀ ਦੇਹ ਸਾਗਰ ਦੀ
ਪੱਥਰ ਹੋਇਆ ਜਲ ਸਾਰਾ

ਅੱਗ ਦਾ ਰੂਪ ਪਛਾਣੇ ਮਿੱਟੀ
ਮੱਥੇ ਤੇਜ਼ ਜਗਾ ਕੇ
ਭੁੰਨੀਆਂ ਜਿਸ ਬੱਦਲਾਂ ਦੀਆਂ ਕਣੀਆਂ
ਰੁੱਤਾਂ ਭੱਠੀ ਡਾਹ ਕੇ

ਰੱਤੀ ਰੰਗ ਚਾਨਣ ਦੇ ਐਸੀ
ਲੋਕਾਂ ਦਾ ਸੱਚ ਹੋ ਗਈ
ਆਪਣੇ ਅੰਦਰ ਐਸੀ ਉਤਰੀ
ਬਣ ਸੂਰਜ ਚੜ੍ਹ ਖਲੋ ਗਈ

ਕਰਦੀ ਰੌਸ਼ਨ ਆਪਣੀ ਲੋਅ 'ਚ
ਥੋਹ ਹੋਏ ਕੰਧਾਂ, ਕੋਠੇ, ਵੇਹੜੇ
ਆਪਣਾ ਖੋਲ ਉਤਾਰ ਕੇ ਮਿੱਟੀ
ਹੋ ਗਈ ਤੂੰ ਦੇ ਨੇੜੇ

ਕਰੇ ਸਥਾਪਿਤ ਆਪਣਾ ਆਪਾ
ਮਾਨਵ ਦੇ ਪਿੰਡੇ ਜਗਦਾ

ਮਾਨਵ ਦੇ ਪਿੰਡੇ 'ਜੋਂ ਦਿੱਸੇ
ਆਪਣਾ ਚੇਹਰਾ ਰੱਬ ਦਾ

ਮਾਨਵਤਾ ਦੀ ਕਰੇ ਇਬਾਦਤ
ਮਾਨਵ ਚਾਨਣ ਜੱਗ ਦਾ
ਧਰਤੀ ਦੇ ਨੈਣਾਂ 'ਚੋਂ ਦਿੱਸੇ
ਅੰਬਰ ਖਿੱੜ ਖਿੱੜ ਹੱਸਦਾ

ਮਿਟ ਜਾਏ
ਲਹੂ ਤੋਂ ਚਾਨਣ ਤੀਕਣ
ਮਨੁੱਖੀ-ਦੁਨੀਆਂ ਖਾਤਿਰ
ਲੱਖਾਂ ਸੂਰਜ ਲਹੂ 'ਚ ਬੀਜੇ
ਚਾਨਣ ਦੀ ਇਕ ਕਾਤਰ

ਲਹੂ ਤੋਂ ਲਹੂ ਤਕ
ਲੋਅ ਤੋਂ ਲੋਅ ਤਕ
ਸੱਚ ਦੀ ਧਾਰਾ ਵੱਗੇ
ਮਾਨਵ ਨੂੰ ਆਪਣੀ ਹੀ ਦੇਹੀ
ਸਗਲ ਮਨੁੱਖਤਾ ਲੱਗੇ

ਤੇਜ਼ ਜਗਾ ਕੇ ਮੱਥੇ ਮਿੱਟੀ
ਟੁੱਕਰ, ਦਾਣਾ, ਦਾਣਾ
ਆਪਣੇ ਪਿੰਡੇ ਆਪ ਹੰਢਾਏ
ਅੰਤੜੀਆਂ ਵਿਚ ਗਿੜਦੇ ਲਹੂ ਦਾ
ਪਾਣੀ ਹੋ ਸੁਕ ਜਾਣਾ

ਭੁੱਜਦੀ ਸਿਰ ਤੋਂ ਪੈਰਾਂ ਤੀਕਣ
ਤਕ ਫਸਲਾਂ ਦਾ ਸੜ ਜਾਣਾ
ਆਪਣੀ ਕੁੱਖ ਚੋਂ ਅੰਨ ਉੱਗਾ ਕੇ
ਕੌਣ ਸਹਾਰੇ ਭੁੱਖਿਆਂ ਹੀ ਮਰ ਜਾਣਾ

ਮੰਗਦੀ ਮੁੱਲ ਮੁੜ੍ਹਕੇ ਦਾ ਮਿੱਟੀ
ਲੋਕਾਂ ਦਰ ਦਰ ਜਾ ਕੇ
ਬਾਲਣ ਹੋਏ ਵਰਤਮਾਨ ਨੂੰ
ਆਪਣੇ ਕੁੱਛੜ ਚਾਇਕੇ

ਸ਼ੀਸ਼ੇ ਦੀ ਦੁਨੀਆਂ ਵਿਚ ਫਿਰਦੀ
ਗਲ ਲੂਲ੍ਹੀ ਮਾਨਵਤਾ ਪਾ ਕੇ
ਲੋਹੇ ਦੇ ਬੁਰਸ਼ਾਂ ਨਾਲ ਛਿੱਲੀ
ਕੈਨਵਸ ਹਿੱਕੜੀ ਲਾ ਕੇ

ਦੱਸਦੀ ਜਲ ਦੇ, ਪਿੰਡੇ ਦੇ ਫੱਟ
ਆਪਣਾ ਕੱਜਣ ਲਾਹ ਕੇ
ਜੋੜੇ ਪੁਰਜ਼ਾ ਪੁਰਜ਼ਾ ਅੰਬਰ
ਸ਼ੀਸ਼ਾ ਅੱਗੇ ਡਾਹ ਕੇ

ਤੁਰਦੀ ਕੱਚ ਦੇ ਪਿੰਡੇ ਪਿੰਡੇ
ਆਪਣੀ ਲਾਸ਼ ਉੱਠਾ ਕੇ
ਸੁਣਾਏ ਕੱਚ ਦੇ ਸ਼ਹਿਰ ਨੂੰ ਮਿੱਟੀ
ਲਹੂ ਦੀ ਲੋਰੀ ਗਾ ਕੇ

ਅਗਨ ਤੇਜ਼ ਦੇ ਸਾਵੇਂਪਨ ਦੇ
ਮਿੱਟੀ ਬੀਜ ਖਿਲਾਰੇ
ਭਵਿੱਖ ਦੇ ਚੜ੍ਹਦੇ ਸੂਰਜ ਵੱਲੇ
ਲਹੂ ਦੇ ਕਰੇ ਇਸ਼ਾਰੇ

ਤੇਜ਼ ਜਗਾ ਕੇ ਮੱਥੇ ਮਿੱਟੀ
ਚੇਤੰਨ ਅੰਦਰ ਬਾਹਰ
ਵਿਚਰੇ ਲੋਕਾਂ ਦੇ ਪਿੰਡੇ ਵਿਚ
ਚਾਨਣ ਦਏ ਖਿਲਾਰ

ਮਿੱਠ-ਬੋਲੜੀ ਦੇ ਨੈਣਾਂ ਵਿਚ
ਮਾਨਵ ਦਾ ਸਤਿਕਾਰ
ਸ਼ਰਧਾ, ਪਿਆਰ, ਮਨੁੱਖਤਾ ਖਾਤਿਰ
ਮਿੱਟੀ ਦਾ ਕਿਰਦਾਰ

ਜੀਵਨ-ਚਾਜ ਦੇ ਫੁੱਲ ਉੱਗਾਏ
ਆਪਣੇ ਚਾਰ-ਚੁਫੇਰੇ
ਬਾਲ ਬਾਲ ਅਰਥਾਂ ਦੇ ਦੀਵੇ
ਰੌਸ਼ਨ ਕਰੇ ਹਨ੍ਹੇਰੇ

ਬੀਜੇ ਹਾਸੇ ਪੈਰ ਪੈਰ 'ਤੇ
ਵਾਹ, ਵਾਹ ਗ਼ਮ ਦੇ ਵੇਹੜੇ
ਧਰਤੀ ਦੇ ਅੰਗ ਅੰਗ 'ਚ ਲਾਏ
ਕਿਰਨਾਂ ਸੰਗ ਸੂਰਜ ਡੇਰੇ

ਤੂੰ ਦੀ ਬਸਤੀ!
ਤੂੰ ਦੇ ਲੋਕੀਂ!!
ਲਹੂ ਦੇ ਸੁੱਚੇ ਰਿਸ਼ਤੇ
ਭਰਦੇ ਪਾਣੀ ਮਾਨਵਤਾ ਦਾ
ਅੰਬਰੋਂ ਉਤਰ ਫਰਿਸ਼ਤੇ

ਘਰ ਘਰ ਦੇ ਵਿਚ
ਰੱਬ ਦਾ ਡੇਰਾ
ਮਨੁੱਖਤਾ ਉੱਚ ਸਿੰਘਾਸਣ
ਲਹੂ ਦੀ ਲੋਅ 'ਚ ਬੈਠਾ ਅੰਬਰ
ਚੁੰਮ ਧਰਤੀ ਦਾ ਆਸਣ

-0-

## ਜਲ ਵਸੇਂਦੀ ਮਿੱਟੀ ਵ੍ਰਸਦਾ ਬੋਧ

ਲੱਪਾਂ
ਭਰ ਭਰ ਬੀਜੇ ਸੂਰਜ
ਮਾਨਵਤਾ ਨੈਣੀਂ ਪਾ ਕੇ
ਉਤਰੀ ਮਿਲਾਂ ਦੇ ਘੁਗੂੰਆਂ ਵਿਚ
ਮੁੜ੍ਹਕੇ ਦਾ ਤੀਰਥ ਨਹਾ ਕੇ
ਕੱਚ ਦੇ ਪਿੰਜਰੀਂ
ਕੱਚ ਦੇ ਪੰਛੀ
ਕਾਗ਼ਜ਼ ਚੋਂ ਕਣਕ ਉੱਗਾਵਣ
ਆਪਣੀਆਂ ਬਿੱਠਾਂ ਹੇਠਾਂ ਆਏ
ਉੱਡਣ ਤੇ ਮਰ ਜਾਵਣ

## ਜਲ ਵਸੇਂਦੀ ਮਿੱਟੀ ਵਸਦਾ ਬੋਧ

ਪਰ ਬੋਧੇ !
ਹਰ ਮਾਨਵ ਹਿਰਦੇ
ਮਾਨਵਤਾ ਦੀ ਜੋਤ
ਧੋਵੇ ਮੈਲਾ ਮੈਲਾ ਅੰਬਰ
ਧਰਤ ਖਿਡਾਵੇ ਗੋਦ

ਢੂੰਡੇ ਬੀਜ 'ਚੋਂ ਕੋਇਲੇ ਹੋਈਆਂ
ਫੁੱਲ, ਪੱਤੀਆਂ, ਬ੍ਰਿਖ ਤੇ ਛਾਵਾਂ
ਧੁੱਪਾਂ ਵਿਚ ਗੁਆਚੇ
ਸੂਰਜ ਮੱਥੇ ਲਿਖਦੀ
ਕੱਚੀਆਂ ਛੱਤਾਂ ਹੇਠਾਂ
ਭੁੱਖੇ ਚੁਲ੍ਹਿਆਂ ਦਾ ਸਿਰਨਾਵਾਂ

ਇਕ ਪਲ ਹੁਣ ਨੂੰ ਜੀਵੇ
ਇਕ ਪਲ ਭੂਤ ਹੰਢਾਵੇ
ਇਕ ਪਲ ਅੱਗਾਂ ਚੁੰਘਦੀ ਚੁੰਘਦੀ
ਯੁੱਗਾਂ ਦੇ ਯੁੱਗ ਪੀ ਜਾਵੇ

ਗੁੰਨ੍ਹੇ ਭਵਿੱਖ ਨੂੰ ਵਰਤਮਾਨ 'ਚ
ਦੇ ਚਾਣਨ ਦੇ ਛਿੱਟੇ
ਕਾਲੀਆਂ ਰਾਤਾਂ ਵਿਚੋਂ ਜਨਮੇਂ
ਦਿਨ ਖੁੰਭਾਂ ਵਰਗੇ ਚਿੱਟੇ

ਆਪਣੀ ਪਿਆਸ ਦੇ ਪਿੰਡੇ ਪਿੰਡੇ
ਜਲ ਵਸਾ ਕੇ ਤੁਰਦੀ
ਅੱਗ ਦੀ ਅੱਗ 'ਚ
ਮਿੱਟੀ ਨੈਣੀਂ ਸਾਗਰ ਪਾ ਕੇ ਤੁਰਦੀ

ਕਰਦੀ ਰੌਸ਼ਨ ਪੋਟਾ, ਪੋਟਾ
ਆਪਣਾ ਆਪ ਜਗਾ ਕੇ
ਵੰਡੇ ਮਹਿਕਾਂ ਕਬਰਾਂ ਤੀਕਣ
ਖ਼ੁਦ ਨੂੰ ਆਪ ਧੁਖਾ ਕੇ

ਚੁੰਮਦੀ ਧਰਤ ਦਾ ਜ਼ਰਾ, ਜ਼ਰਾ
ਅੰਬਰ ਨੂੰ ਸਿਰ ਲਾ ਕੇ
ਬਲਦੀ ਅੱਗ 'ਚ ਪੂਜੀ ਜਾਏ
ਮੱਥੇ, ਜਲ-ਬੋਧ ਜਗਾ ਕੇ

ਬੀਜੇ ਅੰਗਿਆਰਾਂ ਦੀ ਹਿੱਕ 'ਚ
ਦੁੱਧਾਂ ਦੀਆਂ ਸੁਗੰਧੀਆਂ
ਯੁਗ ਪਲਟਣ ਲਈ ਪੌਣਾਂ ਸੰਗ
ਦਿਸ਼ਾਵਾਂ ਬਦਲ ਕੇ ਰੱਖੀਆਂ

ਪਹਿਲੀ ਵਾਰ
ਸਮੇਂ ਨੂੰ ਮਿੱਟੀ
ਮਦਰੱਸੇ ਪੜ੍ਹਨੇ ਪਾਇਆ
ਰੁੱਤਾਂ ਨੂੰ ਲਿਖਣਾ
ਮੌਸਮ ਨੂੰ ਪੜ੍ਹਣਾ
ਬੱਦਲਾਂ ਨੂੰ ਤੁਰਨ ਸਿਖਾਇਆ

ਬੀਜਣ ਲਈ ਭੋਂਇ 'ਤੇ ਮਾਨਵਤਾ
ਮਾਨਵ ਚੋਂ ਮਾਨਵ ਦਾ ਬੀਜ ਉੱਗਾਇਆ

ਮੋਮਬੱਤੀਆਂ ਦੀ ਰੌਸ਼ਨੀ ਨੈਣੀਂ
ਪੀਠਾ ਸੂਰਜ ਪਾਇਆ
ਕਰ, ਕਰ ਲਹੂ ਦੀ ਲੋਅ ਦੁਆਲੇ
ਹਨ੍ਹੇਰਿਆਂ ਤੱਕ ਰੌਸ਼ਨਾਇਆ
ਕਤਰਾ ਕਤਰਾ ਚਾਨਣ
ਸੂਰਜ ਦਾ ਪਹਿਰੇਦਾਰ ਕਹਾਇਆ

ਤੁਰਿਆ ਲਹੂ ਲਹੂ ਦੇ ਪਿੰਡੇ
ਲਹੂ ਸੰਗ ਕਦਮ ਮਿਲਾਕੇ
ਭਰ ਕੇ ਨੈਣੀਂ ਪ੍ਰੀਤ ਦਾ ਸਾਗਰ
ਚਾਨਣ ਦੇਹ ਵਸਾ ਕੇ

ਬੰਨ੍ਹ ਕੇ ਬੱਦਲ ਲੱਕ ਦੁਆਲੇ
ਮੱਥੇ ਪੌਣ ਜਗਾ ਕੇ
ਚੜ੍ਹਿਆ ਸੂਰਜ
ਆਪਣੇ ਪੈਰਾਂ ਦੀ ਮਿੱਟੀ ਮੱਥੇ ਲਾ ਕੇ

ਵਗੀਆਂ ਬੰਦੇ ਤੋਂ ਬੰਦੇ ਤਕ
ਸ਼ੀਤਲ ਕੂਲ੍ਹ ਹਵਾਵਾਂ
ਰੁੱਖਾਂ ਦੇ ਗਲ ਲਗ ਲੱਗ ਰੋਈਆਂ
ਧੁੱਪਾਂ ਸੜੀਆਂ ਛਾਵਾਂ

ਚੁੱਗ ਚੁੱਗ ਨੂਰ ਸਰਘ ਦੇ ਪੰਛੀ
ਤਰੇਲਾਂ ਵਿਚ ਨਹਾਵਣ
ਚੁੰਮ ਕੇ ਆਪਣੀ ਮਿੱਟੀ ਤਾਈਂ
ਚੰਨ ਫੜਣ ਉੱਡ ਜਾਵਣ

ਸਮੇਂ ਨੇ ਕਦਮ ਅਗੇਰੇ ਪੁੱਟਿਆ
ਦਰ ਅੰਬਰ ਦਾ ਖੁੱਲ੍ਹਾ

ਮਿੱਟੀ ਦੇ ਅੰਗਾਂ 'ਚੋਂ ਹਾਸਾ
ਫੁੱਟ ਫੁੱਟ ਅੰਬਰੀਂ ਡੁੱਲ੍ਹਾ

ਜਿਉਂਦੀਆਂ!
ਅੱਖਾਂ ਦੇ ਸ਼ੀਸ਼ੇ ਵਿਚ
ਇਕ ਧਰਤੀ ਇਕ ਅੰਬਰ
ਰਚਿਆ ਚੰਨ ਦੇ ਵੇਹੜੇ ਮਿੱਟੀ
ਆਪਣਾ ਬੋਧ ਸੁਯੰਬਰ

ਤੱਕਿਆ!
ਆਪਣੇ ਆਪ ਨੂੰ
ਆਪਣੇ ਸਾਹਾਂ ਤੋਂ ਵੀ ਹੌਲਾ
ਤਰਿਆ!
ਜਿਉਂਦਾ ਖਲਾਅ ਮਿੱਟੀ ਨੇ
ਬਣ ਕੇ ਵਾਵਰੋਲਾ

ਬੱਝੀ ਆਪਣੇ ਅੰਦਰਲੇ ਸੰਗ
ਅਨੁਭਵ ਨਵੇਂ ਹੰਢਾ ਕੇ
ਸੁਰਤੀ, ਸੁਰਤੀ ਹੋਈ
ਮਿੱਟੀ! ਚੰਨ ਦੀ ਮੱਥੇ ਲਾ ਕੇ

ਖਿੜੀ ਕਪਾਹ ਦੇ ਫੁੱਲਾਂ ਵਾਂਗੂੰ
ਮੱਥੇ ਚੰਨ ਸਜਾ ਕੇ
ਗਦਗਦ ਹੋਈ
ਡੁੱਲ੍ਹ ਡੁੱਲ੍ਹ ਪੈਂਦੀ
ਮਿੱਟੀ ਮਾਨਵ ਅਖਵਾ ਕੇ

ਮਾਨਵਤਾ ਪਿੰਡੇ
ਆਪਣੀ ਕਰਨੀ ਦੇ ਸੂਹੇ ਫੁੱਲ ਉੱਗਾ ਕੇ
ਚੁੰਮਦੀ ਮੁੜ ਮੁੜ ਆਪਣੀ ਮਿੱਟੀ
ਮਿੱਟੀ ਨੂਰ ਕਹਾ ਕੇ

ਸਿਰਜੇ ਚਿਤਵਨ-ਯੰਤਰ
ਉਧੇੜਣ ਲਈ ਖਲਾਅ
ਜਲ ! ਅਗਨ ! ਗਗਨ ! ਹਵਾ ਦਾ
ਕਦ ਹੋਇਆ ਪ੍ਰਗਟਾਅ ?

ਮਿੱਟੀ ਦਾ ਧਰਤੀ ਕੁੱਖੇ
ਕਦ ਹੋਇਆ ਪ੍ਰਵੇਸ਼
ਕਵਣ ਹੈ ਇਸਦਾ ਸਿਰਜਣਹਾਰਾ
ਕਵਣ ਥਾਓਂ ਕਿਤ ਦੇਸ਼

ਧਰਤ ਕਰੇ ਸੂਰਜ ਪ੍ਰਕਰਮਾਂ
ਸੂਰਜ ! ਸਗਲ ਬ੍ਰਹਿਮਡ ਦੇ ਸੰਗ
ਮਾਨਵ ਦੀ ਪ੍ਰਕਰਮਾ ਕਰੇ
ਖਲਾਅ ਦੇ ਪਿੰਡੇ
ਕਦਮ ਕਦਮ 'ਤੇ
ਮਾਨਵਤਾ ਦੇ ਦੀਪ ਜਗੇ

ਬਨਸਪਤੀ, ਚਿਕਿਤਸਾ, ਸ਼ਿਲਪ
ਸੰਚਾਰ ਤੇ ਕਾਸ਼ਤਕਾਰੀ
ਧਰਤੀ ਤੋਂ ਲੈ ਅੰਬਰ ਤੀਕਣ
ਜਲ-ਬੁੱਧ-ਜੋਤ ਜਗਾ ਕੇ ਮਿੱਟੀ
ਦੁਨੀਆਂ ਨਵੀਂ ਉਸਾਰੀ

ਤਰਕੇ ! ਬ੍ਰਹਿਮੰਡ ਇਕੱਲਤਾ
ਮਾਨਵ ਪੁੱਜਾ ਆਪਣੇ ਕੋਲ
ਧਰਤੀ ਦੇ ਸੰਗ ਅਰਥ ਹੰਢਾਏ
ਅੰਬਰ ਦੇ ਸੰਗ ਬੋਲ

ਜੰਗਲ ਤੋਂ ਜਲ-ਯਾਤਰਾ
ਜਲ ਤੋਂ ਪੌਣ ਸਮਾਇਆ

ਆਪਣਾ ਆਪਾ ਜਪਦਾ ਮਾਨਵ
ਰੱਬ ਨੂੰ ਅੱਪੜ ਆਇਆ

ਪੜ੍ਹਿਆ ਪੋਟਾ, ਪੋਟਾ ਅੰਬਰ
ਰਹੱਸ ਖ਼ਲਾਅ ਦੇ ਖੋਲ੍ਹੇ
ਰੌਸ਼ਨੀਆਂ ਦੀ ਭਾਲ 'ਚ
ਸੂਰਜ, ਚੰਨ, ਸਿਤਾਰੇ ਫੋਲੇ

ਪਰਿਭਾਸ਼ਕਤਾ ਦੇ ਅੰਬਰ 'ਤੇ
ਚੰਨਾਂ ਦੇ ਚੰਨ ਸਿਜਾਏ
ਲਹੂ-ਮਾਸ ਬਿਨ ਜਿਉਂਦੇ ਪੁਤਲੇ
ਉਮਰਾ-ਰਹਿਤ ਬਣਾਏ

ਤੁਰਦੀ ਜਲ 'ਤੇ ਨੰਗੇ ਪੈਰੀਂ
ਅੱਗਾਂ ਵਿਚ ਨਹਾਏ
ਪਹਿਨੇ ਪੌਣ ਦੁਆਲੇ ਆਪਣੇ
ਹੱਥੀਂ ਗਗਨ ਖਿਡਾਏ

ਪ੍ਰਾਣ-ਵਾਯੂ ਤੇ ਜਲ ਵਾਯੂ
ਦੇ ਕੈਪਸੂਲ ਲੈ ਕੇ ਨਾਲ
ਪਰਤੀ ਮੁੜ ਮਿੱਟੀ ਵਿਚ ਮਿੱਟੀ
ਗਗਨਾਂ ਦੇ ਗਗਨ ਹੰਗਾਲ

ਭਰਦੀ ਮਾਨਵਤਾ ਦੀ ਝੋਲੀ
ਸੱਚ ਗਿਆਨ ਭੰਡਾਰ
ਨਿਕਲੀ ਧਰਤ ਇਕੱਲਤਾ ਵਿਚੋਂ
ਦਿਲ ਸਾਂਝਾ ਕਰ ਅੰਬਰ ਨਾਲ

ਯੁੱਗਾਂ ਵਿਛੜੀ ਧੀ
ਆਪਣੀ ਕੁੱਖ ਦਾ

ਮੁੱਖ ਸੁਲੱਖਣਾ ਤੱਕਿਆ
ਡਿੱਗਾ ਅੱਥਰੂ ਲਹੂ ਦਾ ਅੱਖ 'ਚੋਂ
ਸਮਿਆਂ ਤੋਂ ਸਾਂਭ ਕੇ ਰੱਖਿਆ

ਈਸਾ! ਈਸਾ! ਵੇਖ!
ਪੁਕਾਰੇ ਰਾਮ, ਕ੍ਰਿਸ਼ਨ, ਨਾਨਕ ਦੇ ਤਾਈਂ
ਅੱਡੀਆਂ ਚੁੱਕ ਖਲੋਤੀ ਧਰਤੀ
ਕਰ ਲੰਬੀਆਂ ਅੰਬਰ ਤਾਈਂ ਬਾਹੀਂ

ਅਰਸਤੂ ਦਾ ਮੁੱਖ ਚੁੰਮਦੀ
ਧਰਤ!
ਪਲੈਟੋ ਹਿੱਕ ਨਾਲ ਲਾ ਕੇ
ਸੁਕਰਾਤ ਖਿਡਾਵੇ ਗੋਦੀ ਆਪਣੀ
ਮਾਰਕਸ ਕੁੱਛੜ ਚਾ ਕੇ

ਆਪਣੇ ਨੂਰੀ ਪੁੱਤਾਂ ਦੀ
ਛਾਵੇਂ ਹੋ ਹੋ ਬਹਿੰਦੀ
ਕਦੇ ਆਪਣੇ ਆਪ ਨੂੰ ਧਰਤੀ
ਕਦੀ ਧਰਤੀ ਨੂੰ ਮਾਂ ਕਹਿੰਦੀ

ਜਲ-ਬੋਧ-ਜੋਤ ਜਗਾ ਕੇ ਦੱਸੇ
ਲਹੂ-ਮਾਸ ਨੂੰ ਉੱਠਣਾ ਬਹਿਣਾ
ਕਿਰਨਾਂ ਦਾ ਰੰਗ ਰੂਪ ਪਰਖਣਾ
ਉਧੇੜ ਸੂਰਜ ਬੁਣ ਲੈਣਾ

ਬਦਲੇ!
ਲੀਕਾਂ-ਦਰ-ਲੀਕਾਂ ਵਗਦੇ
ਚਾਨਣ ਦੀ ਪ੍ਰਣਾਲੀ
ਕੋਲੇ, ਫਰਮੇ, ਸੀਰਾ, ਮਿੱਟੀ
ਲੋਹੇ ਸਣੇ ਕੁਠਾਲੀ

ਬਦਲੇ!
ਪੌਣ ਜੋ ਮੁੜ ਮੁੜ ਵਗਦੀ
ਆਪਣੇ ਤੋਂ ਆਪਣੇ ਥਾਣੀ
ਪਾਉਂਦੀ ਧੋ ਧੋ ਹਵਾ 'ਚ ਸੁੱਕਣੇ
ਲਹੂ ਜੋ ਹੋਇਆ ਪਾਣੀ

ਲਹੂ-ਮਾਸ ਦੀਆਂ ਅੰਤੜੀਆਂ ਵਿਚ
ਉੱਲਝੀ ਸਾਰੀ ਤਾਣੀ
ਦਿਸ਼ਾ-ਰਹਿਤ ਹੋ ਦਰ ਦਰ ਭੌਂਦੀ
ਅਲੜ੍ਹ ਸੋਚ ਨਿਮਾਣੀ

ਜੰਮੀ ਸਿੱਕਰੀ ਪੌਣਾਂ ਬੁਲ੍ਹੀਂ
ਮਰਨ ਪਿਆਸੇ ਪਾਣੀ
ਕੋਲੇ ਧਰਤੀ, ਕੋਲੇ ਅੰਬਰ
ਅੱਗ ਗਿਠ ਉੱਚੀ ਮਰ ਜਾਣੀ

ਧੋਵੇ ਜ਼ਖ਼ਮ ਅਗਨ ਦੇ ਮਿੱਟੀ
ਜਲ-ਬੁਧ-ਜੋਤ ਜਗਾ ਕੇ
ਕਰਦੀ ਰੌਸ਼ਨ ਚਾਰ ਚੁਫੇਰਾ
ਅਗਨੀ! ਜਲ ਚੜ੍ਹਾ ਕੇ

ਪੜ੍ਹਦੀ ਜੰਗਲ ਦੇ ਨੈਣਾਂ ਨੂੰ
ਕੱਚ ਦਾ ਜਿਸਮ ਹੰਢਾ ਕੇ
ਪੁੱਟਦੀ ਕਬਰਾਂ ਰੁੱਖਾਂ ਦੀਆਂ
ਮਹਿੰਦੀ ਤਲੀ ਜਗਾ ਕੇ

ਪਾਰਾ ਪਾਰਾ ਹੋਈ ਮਿੱਟੀ
ਕਬਰਾਂ ਨੂੰ ਮੂੰਹ ਲਾ ਕੇ
ਛਾਵਾਂ ਜੰਮਦੀਆਂ ਛਾਵਾਂ ਮੋਈਆਂ
ਕੱਚ ਅੱਖੀਆਂ ਵਿਚ ਪਾ ਕੇ

ਤੱਕਦੀ ਅਪਣੀ ਸਿੱਧ ਪੁੱਠ ਮਿੱਟੀ
ਸ਼ੀਸ਼ੇ ਦੀ ਦੇਹ ਪਿਘਲਾ ਕੇ
ਅੰਦਰ ਕੋਲੇ ਬਾਹਰ ਕੋਲੇ
ਸੂਰਜ ਮੂੰਹ ਵਿਚ ਪਾ ਕੇ

ਪਰਤੀ ਮੁੱਲ ਮੁੜ੍ਹਕੇ ਦਾ ਪਾਵਣ
ਮਾਸ ਦੀ ਮੰਡੀ ਗਾਹ ਕੇ
ਮਨੁੱਖੀ ਕਤਲਗਾਹਾਂ ਵਿਚ ਵਸਦਾ
ਸੁੱਤਾ ਰੱਬ ਜਗਾ ਕੇ

ਮੰਦਰ, ਮਸਜਿਦ, ਗਿਰਜੇ ਤਾਈਂ
ਪੜ੍ਹਨ ਸਕੂਲੇ ਪਾ ਕੇ
ਹਰ ਪੁਸਤਕ ਦੇ ਆਣੇ ਰੱਬ ਨੂੰ
ਲਹੂ ਦਾ ਰੰਗ ਸਮਝਾ ਕੇ

ਵਾਹ ਕੇ ਮਨ ਦੇ ਮਰਲੇ
ਮੱਥੇ ਜਲ-ਬੋਧ-ਜੋਤ ਜਗਾ ਕੇ
ਨਿਕਲੀ ਪੈਲੀਉਂ ਪੈਲੀ ਮਿੱਟੀ
ਪੰਡ ਚਾਨਣ ਦੀ ਚਾਇ ਕੇ

ਲੱਪਾਂ ਭਰ ਭਰ ਬੀਜੇ ਸੂਰਜ
ਮਾਨਵਤਾ ਨੈਣੀਂ ਪਾ ਕੇ
ਉਤਰੀ ਮਿੱਲਾਂ ਦੇ ਘੁਗੂੰਆਂ ਵਿਚ
ਮੁੜ੍ਹਕੇ ਦਾ ਤੀਰਥ ਨਹਾ ਕੇ

ਕੱਚ ਦੇ ਪਿੰਜਰੀਂ ਕੱਚ ਦੇ ਪੰਛੀ
ਕਾਗ਼ਜ਼ 'ਚੋਂ ਕਣਕ ਉੱਗਾਵਣ
ਆਪਣੀਆਂ ਬਿੱਠਾਂ ਹੇਠਾਂ ਆਏ
ਉੱਡਣ ਤੇ ਮਰ ਜਾਵਣ
ਚਿੱੜੀਆਂ ਆਪਣਿਆਂ ਬੋਟਾਂ ਨੂੰ

ਚਿੱਟਿਆਂ ਕਾਗਾਂ ਦੀ ਮੰਡੀ ਲੈ ਜਾਵਣ
ਚੂੰਡ ਕੇ ਛਾਤੀਆਂ, ਲੱਤਾਂ, ਬਾਹੀਂ
ਪਿੰਜਰ ਤਲੀ ਟਿਕਾਵਣ

ਸੁਬ੍ਹਾ ਸ਼ਾਮ ਦਾ ਪੈਂਡਾ ਜ਼ਿੰਦਗੀ
ਆਪਾ ਵੇਚ ਮੁਕਾਏ
ਕੱਤਰ ਸੌ ਮੁੜ੍ਹਕੇ ਦੀਆਂ ਬੂੰਦਾਂ
ਇਕ ਦਾਣਾ ਪੀ ਜਾਏ

ਜਲ-ਬੁਧ-ਜੋਤ ਜਗਾ ਕੇ ਮਿੱਟੀ
ਮਿੱਟੀ ਨੂੰ ਸਮਝਾਏ
ਕਤਰਾ, ਕਤਰਾ ਚਿੱੜੀਆਂ ਪਿੰਡੇ
ਸਗਲਾ ਬਾਜ ਸਮਾਏ

ਭੇਸ ਬਦਲ ਕੇ ਯੁੱਗਾਂ ਜਿਉਂਦੇ
ਕਾਵਾਂ ਦੀ ਅਲਖ਼ ਮੁਕਾਏ
ਚਿੱੜੀਆਂ ਦੇ ਚੰਬੇ ਵਿਚ ਸੂਰਜ
ਰੋਟੀ ਦਾ ਉੱਗ ਆਏ

ਜਲ-ਬੁਧ-ਜੋਤ ਜਗਾ ਕੇ ਕਰਦੀ
ਰੁੱਖਾਂ ਸਿਰ ਬੱਦਲਾਂ ਦੀਆਂ ਛਾਵਾਂ
ਤਰਦੀ ਧੁੱਪ 'ਚ ਘੁਲੀ ਚਾਂਦਨੀ
ਪਾ ਸੂਰਜ ਗਲ ਬਾਹਵਾਂ

ਚੁੰਮਦੀ!
ਕੱਚ ਦੇ ਪਿੰਡੇ ਤੁਰਦਾ
ਜੰਗਲ ਦਾ ਪ੍ਰਛਾਵਾਂ
ਜੀਵਨ ਦੇ ਲਈ ਦਿੰਦੀ ਮਿੱਟੀ
ਰਾਖ ਜਿਉਂਦੇ ਅੰਗਿਆਰਾਂ ਨੂੰ
ਫੂਕਾਂ ਮਾਰ ਹਵਾਵਾਂ

ਬੀਜੇ ਜੀਵਨ ਪੱਥਰਾਂ ਪਿੰਡੇ

ਰਾਤੀਆਂ ਨੈਣੀਂ ਪਾ ਕੇ
ਕਰਦੀ ਰੌਸ਼ਨ ਕੁੱਲੀਆਂ, ਕੋਠੇ
ਮਹਿਲਾਂ ਸੰਗ ਟਕਰਾ ਕੇ

ਜਨਮਿਆ!
ਸਾਗਰ ਬੂੰਦ ਬੂੰਦ 'ਚ
ਲਹੂ 'ਚ ਲਹੂ ਜਗਾ ਕੇ
ਬਦਲੀਆਂ ਰੁੱਤਾਂ!
ਬਦਲੇ ਮੌਸਮ!
ਅੱਖੀਆਂ ਵਿਚ ਅੱਖੀਆਂ ਪਾ ਕੇ

ਆਪਣਾ ਅੰਦਰ ਪੜ੍ਹ ਪੜ੍ਹ ਭਰਦੀ
ਮਨੁੱਖਤਾ ਵਿਚਲੇ ਪਾੜੇ
ਲੇਅ ਲੱਥੀਆ ਕੰਧਾਂ ਦੇ ਸੁਫ਼ਨੇ
ਕੱਚ ਦੀ ਨਜ਼ਰ ਉਤਾਰੇ

ਚੋਂਦੀਆਂ ਛੱਤਾਂ ਹੇਠਾਂ ਭੁੱਖੇ
ਦਿਨ! ਰਾਤ! ਸਮੇਂ ਗੁਜ਼ਾਰੇ
ਭੂਤ, ਭਵਿੱਖ ਤੇ ਵਰਤਮਾਨ ਦੇ
ਅੰਬਰੋਂ ਟੁੱਟੇ ਤਾਰੇ

ਕਿੱਥੋਂ ਤੁਰਕੇ ਕਿੱਥੇ ਅੱਪੜੇ
ਕੱਚ ਦੇ ਸਿਰਜਣਹਾਰੇ
ਮੀਲ-ਪੱਥਰ ਦੀ ਜੂਨ ਹੰਢਾਉਂਦੇ
ਰੁੱਖ ਬਰਸਾਤਾਂ ਮਾਰੇ

ਧਰਤੀ ਤੋਂ ਉੱਠ ਕੇ ਮਾਨਵ
ਪਹੁੰਚਿਆ ਵਿਚ ਖਲਾਅ
ਬਣ ਨਾ ਸਕਿਆ ਬੰਦਾ
ਬੰਦਾ ਬਣਿਆ ਸਦਾ ਖੁਦਾ
ਪੁੰਝੀਆਂ! ਮੈਲੀਆਂ ਸਭ ਦਿਸ਼ਾਵਾਂ

ਮੂੰਹ ਅੰਬਰ ਦਾ ਧੋਇਆ
ਬੰਦਾ! ਬੰਦੇ ਦੇ ਸਾਏ ਦਾ
ਅਜੇ ਨਾ ਹਾਣੀ ਹੋਇਆ

ਅਜੇ ਨਾ ਤੁਰਿਆ ਸੰਗ ਮਿੱਟੀ ਦੇ
ਅਜੇ ਨਾ ਬੈਠਾ ਰਲਕੇ
ਧਰਤੀ 'ਤੇ ਜਿਉਣਾ ਨਾ ਸਿੱਖਿਆ
ਬੈਠਾ ਅੰਬਰ ਮੱਲ ਕੇ

ਮਰਲਾ, ਮਰਲਾ ਤਕਸੀਮੇ ਪੌਣਾਂ
ਪੋਟਾ ਪੋਟਾ ਸਾਗਰ
ਭੀੜ ਭੀੜ ਕੇ ਧੁੱਪਾਂ ਛਾਵਾਂ
ਲਹੂ ਦੀ ਭਰਦਾ ਗਾਗਰ

ਇਕ ਗਿਰ ਕਪੜੇ ਦੀ ਧਰਤੀ ਨੂੰ
ਸੱਤਾ ਦੇ ਰੰਗ 'ਚ ਰੰਗਣ ਲਈ
ਆਪਣੇ ਕੱਦ ਤੋਂ ਰਤਾ ਉਚੇਰਾ
ਪੌਣਾਂ ਦੇ ਵਿਚ ਟੰਗਣ ਲਈ

ਮਾਨਵ! ਮਾਨਵ ਦੇ ਲਹੂ 'ਚ
ਵੱਟਣੇ ਮਲ, ਨਹਾਇਆ
ਤਵਾਰੀਖ਼ ਦੀ ਕੁੱਖ 'ਚ ਜੰਗਲ
ਕਬਰਾਂ ਦਾ ਉੱਗ ਆਇਆ

ਕੱਚ ਦੇ ਮਾਨਵ
ਆਪਣਾ ਸਾਇਆ
ਆਪਣੇ ਚਾਨਣ ਵਿਚ ਗਵਾਇਆ
ਧਰਿਆ ਸ਼ੀਸ਼ੇ
ਧਰਤੀ ਤਲੀਏ

ਬੰਜਰ ਰੁੱਤਾਂ ਤੇ ਪੱਥਰ ਹੋਇਆ
ਮੌਸਮਾਂ ਦਾ ਸਰਮਾਇਆ

ਜਲ-ਬੁਧ-ਜੋਤ ਜਗਾ ਕੇ
ਆਪਣਾ ਲੇਖਾ ਜੋਖਾ ਕਰਦੀ
ਸਾਗਰ ਓੜ ਦੁਆਲੇ
ਆਪਣੀ ਅੱਗ 'ਚ ਮਿੱਟੀ ਸੜਦੀ

ਅੱਗ-ਜਲ ਦੀ ਵਗਦੀ ਨਦੀਆਂ ਨੂੰ
ਬੁੱਧ ਸੰਗ ਸਾਵਾਂ ਕਰਦੀ
ਧਰਤ! ਰੰਗੋਟਲੀਆਂ ਪੌਣਾਂ ਸੰਗ
ਮੇਚੇ ਦਾ ਗਗਨ ਸਿਰਜਦੀ

----



ਮਸਤਕ ਦਾ ਸ਼ੀਸ਼ਾ
ਇੰਨਾਂ ਧੁੰਦਲਾ ਤੇ ਮੈਲਾ ਹੈ
ਕਿ ਆਪਣੇ ਨਕਸ਼ ਸਿਆਣਨ ਖਾਤਿਰ
ਸੂਲੀ 'ਤੇ ਚੜ੍ਹਨਾ ਪੈਂਦਾ ਹੈ
ਅਰਥਾਂ ਦਾ
ਇਕ ਗਹਿਰਾ ਜੰਗਲ
ਬਿਨ-ਸ਼ਬਦੋਂ ਤਰਨਾ ਪੈਂਦਾ ਹੈ॥